Prabodh International Journal of Languages and Social Sciences
(A Peer-Reviewed Yearly Journal) ISSN: 2349-0179

# ਸਾਹਿਤਕ ਅਧਿਐਨ ਖੇਤਰ ਬਨਾਮ ਇੱਕ ਅੰਤਰਅਨੁਸ਼ਾਸਨੀ ਵਿਧੀ

* ਡਾ. **ਧਰਮਿੰਦਰ ਸਿੰਘ**
****ਪ੍ਰੋਫੈਸਰ, ਦੇਸ਼ ਭਗਤ ਯੂਨੀਵਰਸਿਟੀ**

**ਐਬਸਟ੍ਰੈਕਟ (Abstract)**

ਬਿਰਤਾਂਤ ਘਟਨਾਵਾਂ ਦਾ ਮਹਿਜ ਬਿਆਨ ਨਹੀਂ ਹੁੰਦਾ ਬਲਕਿ ਭਾਵ-ਭਰਪੂਰਤਾ ਦੀ ਸਮੁੱਚੀ ਝਾਕੀ ਹੁੰਦਾ ਹੈ। ਜਿਸ ਵਿੱਚ ਕਿਸੇ ਵਿਸ਼ੇਸ ਮਨੁੱਖੀ ਸਥਿਤੀ ਨੂੰ ਸੂਤਰਬੱਧ ਕੀਤਾ ਹੁੰਦਾ ਹੈ। ਇਹ ਵਿਸ਼ੇਸ ਸਥਿਤੀ ਮਨੁੱਖ ਹਾਲਤ ਦੇ ਖਲਲ ਵਿੱਚੋਂ ਪੈਦਾ ਹੁੰਦੀ ਹੈ। "ਅਗਨੀ ਪ੍ਰੀਖਿਆ" ਅਤੇ " ਏਹੁ ਹਮਾਰਾ ਜੀਵਣਾ" ਦੇ ਬਿਰਤਾਂਤ ਵਿੱਚਲੀ ਅਵਸਥਾ ਜੋ ਪੇਸ਼ ਹੋ ਰਹੀ ਹੈ, ਉਹ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਗੁਲਾਮੀ ,ਦੁਰਦਸ਼ਾ, ਤਣਾਉ, ਬੇਵਸੀ ਉਸ ਨਾਲ ਹੋ ਰਹੇ ਅਨਿਆ ਅਤੇ ਹਿੰਸਾ ਦੀ ਅਵਸਥਾ ਹੈ। ਪੰਜਾਬੀ ਸਭਿਆਚਾਰਕ ਸਮਾਜ ਵਿੱਚ ਮਰਦ ਦੀ ਪ੍ਰਭੁਸਤ੍ਹਾ ਦੁਆਲੇ ਉਸਰੀ ਹੋਈ ਬਾਕੀ ਸਭ ਵਿਆਕਤੀਗਤ ਭਾਵਨਾਵਾਂ 'ਤੇ ਭਾਰੂ ਹੁੰਦੀ ਪੇਸ਼ ਕੀਤੀ ਗਈ ਹੈ। ਸਵੈ ਦੀ ਤਲਾਸ਼ ਵਿੱਚ ਇਹਨਾਂ ਸਮੂਹਿਕ ਮਾਨਸਿਕ ਧਾਰਨਾਵਾਂ ਦਾ ਵਿਆਕਤੀਗਤ ਮਾਨਸਿਕਤਾ ਨਾਲ ਟਕਰਾਓ ਸੁਭਾਵਿਕ ਹੈ। ਹਰ ਸਾਹਿਤਕ ਬਿਰਤਾਤ ਇਸ ਟਕਰਾਉ ਤੋਂ ਸੁਰੂ ਹੁੰਦੇ ਹੈ। ਜਿਵੇਂ ਜਿਵੇਂ ਇਸ ਟਕਰਾਉ ਦਾ ਵਿਕਾਸ ਹੁੰਦਾ ਹੈ ਬਿਰਤਾਂਤ ਅੱਗੇ ਵਧਦਾ ਹੈ। ਇਹਨਾਂ ਦੋ ਕਿਸਮ ਦੀਆਂ ਸਿਰੇ ਦੀਆਂ ਧਰੁਵੀਂ ਮਾਨਸਿਕਤਾਵਾਂ ਅਤੇ ਇਹਨਾਂ ਉਪਰ ਉਸਰੀਆਂ ਮਾਨਸਿਕ ਪਰਸਥਿਤੀਆਂ ਇਕੋ ਸਮੇਂ ਪੇਸ਼ ਕਰਨਾ ਹੀ ਇਹਨਾਂ ਦੋ ਨਾਵਲਾਂ "ਅਗਨੀ ਪ੍ਰੀਖਿਆ" ਅਤੇ " ਏਹੁ ਹਮਾਰਾ ਜੀਵਣਾ" ਦਾ ਉਦੇਸ਼ ਹੈ। ਸਾਹਿਤਕ ਬਿਰਤਾਂਤ ਦੀ ਤਰਕ ਪੂਰਵਕ ਅਨੁਕ੍ਰਮਤਾ ਬੜੀ ਗਤੀਸ਼ੀਲ ਹੁੰਦੀ ਹੈ। ਅਕਸਰ ਇੱਕ ਸੰਕਟ ਤੋਂ ਦੂਜੇ ਸੰਕਟ ਅਤੇ ਦੂਜੇ ਤੋਂ ਤੀਜੇ ਸੰਕਟ ਵੱਲ ਚਲੀ ਜਾਂਦੀ ਹੈ। ਦੋਹਾਂ ਨਾਵਲਾਂ ਦੇ ਬਿਰਤਾਂਤ ਵਿਚਲੇ ਪਾਤਰ ਆਪੋ ਆਪਣੇ ਧਰਮ ਸੰਕਟ ਵਿੱਚ ਫਸੇ ਹੋਏ ਹਨ। ਬਿਰਤਾਂਤ ਦੀ ਹਰ ਕੜੀ ਕਿਸੇ ਮਾਨਸਿਕ ਤਣਾਉ ਨੂੰ ਪੇਸ਼ ਕਰਦੀ ਹੈ। ਇਹ ਮਾਨਸਿਕ ਪਸ਼ਮਾਨੀਆਂ ਇੱਕ ਕੜੀ ਨੂੰ ਦੂਸਰੀ ਕੜੀ ਨਾਲ ਜੋੜਦੀਆਂ ਹਨ ਇਸ ਤਰ੍ਹਾਂ ਸਮੁੱਚੇ ਬਿਰਤਾਂਤ ਨੂੰ ਤਰਕਪੂਰਵਕ ਅਨੁਕ੍ਰਮਤਾ ਵਿੱਚ ਸੂਤਰਬੱਧ ਕਰਦੀਆਂ ਹਨ।

**Key Words:** ਬਿਰਤਾਂਤ, ਭਾਵ-ਭਰਪੂਰਤਾ, ਸਾਹਿਤਕ ਖੋਜ਼, ਅੰਤਰ-ਅਨੁਸ਼ਾਸਨੀ ਵਿਧੀ, ਸਾਹਿਤਕ ਕ੍ਰਿਤ , ਚਿੰਤਨ, ਸੰਕਲਪ, ਦਵੰਦਾਤਮਿਕ ਪ੍ਰੀਕਿਰਿਆ, ਰਵਾਨਗੀ ਬਿੰਦੂ

**1. ਭੂਮਿਕਾ**: ਸਮਾਜਕ ਕਰਮ ਵਿਕਾਸ ਦੇ ਵੱਖ ਵੱਖ ਪੜਾਵਾਂ ਵਿੱਚੋਂ ਲੰਘਦੇ ਹੋਏ ਅੱਜ ਅਸੀਂ ਵਿਗਿਆਨਕ ਯੁੱਗ ਵਿੱਚ ਜੀ ਰਹੇ ਹਾਂ, ਵਿਗਿਆਨ ਸਾਡੀ ਜੀਵਨ ਸ਼ੈਲੀ ਦੇ ਹ੍ਰਰ ਪਹਿਲੂ ਦੇ ਅੰਗ ਸੰਗ ਵਿਚ੍ਰਰ ਰਿਹਾ ਹੈ। ਤੱਥਾਂ ਨੂੰ ਤਰਕ ਨਾਲ ਸਥਾਪਿਤ ਕਰਨਾ ਹੀ ਵਿਗਿਆਨਕ ਵਿਧੀ ਹੈ। ਆਪਣੇ ਖੋਜ਼ ਪ੍ਰਾਜੈਕਟ ਵਿੱਚ ਅਸੀਂ ਸਾਹਿਤਕ ਅਧਿਐਨ ਲਈ ਇੱਕ ਸਥਾਪਿਤ ਵਿਗਿਆਨਕ ਵਿਧੀ ਦੀ ਵਰਤੋਂ ਕੀਤੀ ਹੈ। ਪੰਜਾਬੀ ਸਾਹਿਤਕ ਖੋਜ਼ ਨਾਲ ਸਬੰਧਿਤ ਨਵੇਂ ਵਿਦਵਾਨਾਂ ਨੇ ਇਹ ਸਥਾਪਿਤ ਕਰ ਦਿੱਤਾ ਹੈ ਕਿ ਆਲੋਚਨਾਤਮਕ ਸ਼ਬਦ ਰੂੜ੍ਹ ਹੋ ਚੁੱਕਾ ਹੈ,ਅਕਾਦਮਿਕਤਾ ਵਿੱਚ ਜੋ ਨਵੇਂ ਅਧਿਐਨਾਂ ਦਾ ਕਾਫੀ ਬੋਲਬਾਲਾ ਹੈ ਜਿਵੇਂ ਸਭਿਆਚਾਰਕ ਅਧਿਐਨ, ਬਿਰਤਾਂਤ ਸਾਸ਼ਤਰਿਕ ਅਧਿਐਂਨ ਅਤੇ ਲੋਕਧਾਰਾਈ ਅਧਿਐਂਨ ਆਦਿ ਸ਼ਬਦ ਵਰਤਣੇ ਸੁਰੂ ਕਰ ਦਿੱਤੇ ਹਨ ਪਰੰਤੂ ਇਹਨਾਂ ਦੀਆਂ ਅਧਿਐਂਨ ਵਿਧੀਆਂ ਨੂੰ ਸਹੀ ਅੰਤਰਰਾਸ਼ਟਰੀ ਪ੍ਰਸੰਗਾਂ ਅਤੇ ਪਸਾਰਾਂ ਵਿੱਚ ਨਹੀਂ ਸਮਝਿਆ ਜਾਂਦਾ। ਸਭਿਆਚਾਰਕ ਅਧਿਐਨ ਖੇਤਰ ਵਿੱਚ ਉਹਨਾਂ ਇਹ ਮੰਨ ਲਿਆ ਹੈ ਕਿ ਸਭ ਤੋਂ ਪਹਿਲੀ ਗੱਲ ਕਿ ਇਹ ਇੱਕ ਅੰਤਰ-ਅਨੁਸ਼ਾਸਨੀ ਵਿਧੀ ਹੈ। ਸਮਾਜ ਵਿਗਿਆਨ, ਮਨੋਵਿਗਿਆਨ, ਮਾਨਵ-ਵਿਗਿਆਨ, ਭਾਸ਼ਾ ਵਿਗਿਆਨ ਅਤੇ ਇਤਿਹਾਸ ਨਾਲ ਇਸਦਾ ਨੇੜੇ ਦਾ ਸਬੰਧ ਹੈ।ਹੁਣ ਲੰਬੇ ਸਮੇਂ ਦੇ

ਅਭਿਆਸ ਬਾਅਦ ਇਹ ਅਧਿਐਨ ਆਪਣੇ ਆਪ ਵਿੱਚ ਇੱਕ ਸੁਤੰਤਰ ਅਨੁਸ਼ਾਸਨੀ ਵਿਧੀ ਵਜੋਂ ਵੀ ਵਿਕਸਤ ਹੋ ਰਿਹਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਸਾਹਿਤਕ ਜਗਤ ਵਿੱਚ ਇੰਨੀਆਂ ਤਬਦੀਲੀਆਂ ਵਾਪਰੀਆਂ ਹਨ ਕਿ ਪ੍ਰੱਚਲਤ ਸਿਧਾਂਤਾਂ (ਜਿਨ੍ਹਾਂ ਵਿੱਚ ਅਣਗਿਣਤ ਸਹਿਜ ਸੂਝ common sense ਨਾਲ ਸੰਬੰਧਿਤ ਹਨ) ਨੂੰ ਜਿਹੜੀ ਬੌਧਿਕ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹੁਣ ਅਣਡਿੱਠ ਕਰਨਾ ਸੌਖਾ ਨਹੀਂ।( ਬਰਾੜ ਰਜਿੰਦਰ ਸਿੰਘ (ਡਾ.), ਸਭਿਆਚਾਰਕ ਅਧਿਐਂਨ ਵਿਧੀ; ਸਿਧਾਂਤ ਅਤੇ ਵਿਹਾਰ, ਸਮਦਰਸ਼ੀ 2018 ਪੰਨਾ 36) । ਸੋ ਮੈਂ, ਇਸ ਨਵੀਂ ਸਥਾਪਿਤ ਹੋ ਰਹੀ ਖੋਜ਼ ਵਿਧੀ ਜਿਸ ਵਿੱਚ ਭਾਸ਼ਾ ਵਿਗਿਆਨ,ਮਨੋਵਿਗਿਆਨ,ਮਾਨਵ-ਵਿਗਿਆਨ ਅਤੇ ਇਤਿਹਾਸ ਵਿਧੀਆਂ ਨਿਖੜਵੇਂ ਰੂਪ ਵਿੱਚ ਸ਼ਾਮਲ ਹਨ, ਰਾਹੀਂ ਪੰਜਾਬੀ ਨਾਵਲਾਂ ਵਿੱਚ ਔਰਤ ਦੇ ਸੰਕਲਪ ਦੀ ਭਾਵ-ਜੁਗਤ ਅਤੇ ਇਸ ਦੀ ਸੰਕਲਪਨ ਨੂੰ ਸਮਝਣ ਦੀ ਕੋਸ਼ਿਸ ਕੀਤੀ ਹੈ। ਹੱਥਲਾ ਪਰਚਾ "ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਔਰਤ ਦੇ ਸੰਕਲਪ ਦੀ ਭਾਵ-ਜੁਗਤ "ਡਾ. ਦਲੀਪ ਕੌਰ ਟਿਵਾਣਾ ਦੇ ਦੋ ਪ੍ਰਸਿੱਧ ਨਾਵਲ "ਅਗਨੀ-ਪ੍ਰੀਖਿਆ" ਅਤੇ "ਏਹੁ ਹਮਾਰਾ ਜੀਵਣਾ" ਨਾਲ ਸਬੰਧਿਤ ਹੈ। ਇਸ ਖੋਜ਼ ਵਿਧੀ ਦੇ ਤਿੰਨ ਅਹਿਮ ਪੱਧਰ ਹਨ ਜਿਹਨਾਂ ਉੱਤੇ ਡਾ. ਦਲੀਪ ਕੌਰ ਟਿਵਾਣਾ ਦੇ ਇਹ ਦੋ ਨਾਵਲਾਂ ਵਿੱਚ ਔਰਤ ਦੇ ਸੰਕਲਪ ਦੀ ਸਮੁੱਚੀ ਭਾਵ –ਜੁਗਤ ਉਪਜਦੀ ਹੈ । ਇਸ ਖੋਜ਼ ਪਰਚੇ ਵਿੱਚ ਇਹਨਾਂ ਨਾਵਲਾਂ ਵਿੱਚ ਔਰਤ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ ਕੀਤੀ ਹੈ। ਡਾ. ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਜਗਤ ਦੀ ਇੱਕ ਪ੍ਰਸਿੱਧ ਸਾਹਿਤਕਾਰ ਹੈ। ਪੰਜਾਬੀ ਨਾਵਲਾਂ, ਕਹਾਣੀਆਂ ਅਤੇ ਸਵੈ-ਜਵਿਨੀ ਦੀ ਰਚਨਾਕਾਰ ਡਾ.ਦਲੀਪ ਕੌਰ ਟਿਵਾਣਾ ਦਾ ਨਾਂ ਪੰਜਾਬੀ ਸਾਹਿਤ ਜਗਤ ਵਿੱਚ ਮੁੱਢਲੀਆਂ ਕਤਾਰਾਂ ਵਿੱਚ ਲਿਆ ਜਾਂਦਾ ਹੈ।ਨਾਵਲ ਰਚਨਾ ਵਿੱਚ "ਅਗਨੀ-ਪ੍ਰੀਖਿਆ, 1967 ਤੋਂ ਲੈ ਕੇ "ਭਰਿ ਸਰਵਰੁ ਜਬ ਊਛਲੈ", 2018 ਤੱਕ ਉਹਨਾਂ ਨੇ 44 ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਸਵੈ-ਜੀਵਨੀ ਦੇ ਖੇਤਰ ਵਿੱਚ "ਨੰਗੇ ਪੈਰਾਂ ਦਾ ਸਫਰ", 1960, "ਪੂਛਤੇ ਹੋ ਤੋ ਸੁਨੋ," 1995 ,"ਤੁਰਦਿਆਂ ਤੁਰਦਿਆਂ",2011, "ਆਪਣੀ ਛਾਵੇਂ 2013" ਅਤੇ "ਰਚਨਾ ਮੇਰੀ ਇਬਾਦਤ ਹੈ ", 2018 ਸਿਰਲੇਖਾਂ ਰਾਹੀਂ ਆਪਣੀਆਂ ਮਹੱਤਵਪੂਰਨ ਸਵੈ-ਜੀਵਨੀਆਂ ਦੀ ਰਚਨਾ ਕੀਤੀ ਹੈ। ਉਹਨਾਂ ਦੇ ਕਹਾਣੀ ਸੰਗ੍ਰਿਹ " ਬਾਬਾਣੀਆਂ ਕਹਾਣੀਆਂ",1969, "ਪੁੱਤ ਸਪੁਤ ਕਰੇਨਿ", 1970' " ਪੈੜਾਂ " 1973,ਕਾਲੇ ਲੇਖ ਨਾ ਲੇਖੁ"1974 ਅਤੇ ਬਾਲ ਕਹਾਣੀ ਸੰਗ੍ਰਿਹ, "ਫੁੱਲਾਂ ਦੀਆਂ ਕਹਾਣੀਆਂ" 1994, "ਪੰਛੀਆਂ ਦੀਆਂ ਕਹਾਣੀਆਂ" 1994 ਅਤੇ "ਪੰਜਾਂ ਵਿੱਚ ਪਰਮੇਸ਼ਵਰ "1994 ਸ਼ਾਮਲ ਹਨ। ਬਹੁਤ ਸਾਰੇ ਸਾਹਿਤਕਾਰਾਂ ਨੇ ਉਹਨਾਂ ਸਬੰਧੀ ਮੁਲਾਕਾਤੀ ਪੁਸਤਕਾਂ ਵੀ ਲਿਖੀਆਂ ਹਨ ਜਿਵੇਂ ਕਰਤਾਰ ਸਿੰਘ ਦੁਗੱਲ,ਗੁਰਮੁਖ ਸਿੰਘ ਅਤੇ ਜਸਬੀਰ ਸਿੰਘ ਭੁੱਲਰ ਨੇ ਕ੍ਰਮਵਾਰ "ਦਲੀਪ ਦੁੱਗਲ ਵਾਰਤਾ", "ਕਿਛੁ ਸੁਣੀਐ ਕਿਛੁ ਕਹੀਐ" ਅਤੇ "ਆਹ ਲੈ ਮਾਏ ਸਾਂਭ ਕੁੰਜੀਆਂ" ਮੁਲਾਕਾਤੀ ਪੁਸਤਕਾਂ ਲਿਖੀਆਂ ਹਨ। ਡਾ. ਦਲੀਪ ਕੌਰ ਟਿਵਾਣਾ ਦੀਆਂ ਰਚਨਾਵਾਂ ਉੱਤੇ ਦੋ ਦਰਜਨ ਤੋਂ ਵੱਧ ਖੋਜ਼ ਕਾਰਜ ਅਤੇ ਦਰਜਨਾਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ।

"ਅਗਨੀ-ਪ੍ਰੀਖਿਆ" ਡਾ. ਦਲੀਪ ਕੌਰ ਟਿਵਾਣਾ ਦਾ ਪਲੇਠਾ ਨਾਵਲ ਹੈ ਜਿਸ ਰਾਹੀਂ ਉਹ ਪੰਜਾਬੀ ਨਾਵਲ ਜਗਤ ਵਿੱਚ ਪ੍ਰਵੇਸ਼ ਕਰਦੇ ਹਨ। ਇਹ ਨਾਵਲ ਉਹਨਾਂ ਦੀ ਸਵੈ-ਜੀਵਨੀ, "ਨੰਗੇ ਪੈਰਾਂ ਦਾ ਸਫਰ" 'ਤੇ ਅਧਾਰਿਤ ਹੈ। ਬਿਰਤਾਂਤ ਦਾ ਰਵਾਨਗੀ ਬਿੰਦੂ ਨਾਵਲ ਦੀ ਨਾਇਕਾ ਮਨਦੀਪ ਦਾ ਰਿਸ਼ਤਾ ਇਸ ਕਾਰਨ ਟੁੱਟ ਜਾਂਦਾ ਹੈ ਕਿ ਮੁੰਡੇ ਦੇ ਮਾਪਿਆ ਕੇਲ ਕੋਈ ਚੁੱਗਲੀ ਕਰ ਦਿੰਦਾ ਹੈ ਕਿ ਕੁੜੀ ਦੇ ਇੱਕ ਨੇੜੇ ਦੇ ਰਿਸ਼ਤੇਦਾਰ ਮੁੰਡੇ ਨਾਲ ਨਜਾਇਜ ਸਬੰਧ ਹਨ। ਇਸ ਦੇ ਗਲਪੀਕਰਨ ਸਮੇਂ ਪਹਿਲਾਂ ਉਹਨਾਂ ਇਸ 'ਤੇ ਕਹਾਣੀ ਦੀ ਸਿਰਜਨਾ ਸੁਰੂ ਕੀਤੀ, ਕਹਾਣੀ ਇੰਨੀ ਲੰਬੀ ਹੋ ਗਈ ਕਿ ਰਮਾਇਣ ਵਿਚਲੀ ਸੀਤਾ ਦੀ ਅਗਨੀ-ਪ੍ਰੀਖਿਆ ਵਾਲੀ ਮਿੱਥ ਨੂੰ ਕਲਾਂਵੇਂ ਵਿੱਚ ਲੈਂਦੀ ਹੋਈ ਉਹ ਕਹਾਣੀ ਇਹ ਨਾਵਲ ਬਣ ਗਈ। ਇਸੇ ਤਰ੍ਹਾਂ ਦੂਸਰਾ ਨਾਵਲ "ਏਹੁ ਹਮਾਰਾ ਜੀਵਣਾ" ਮੁੱਲ ਦੀ ਤੀਵੀਂ ਦੇ ਸੰਕਟ ਦਾ ਬਿਰਤਾਂਤ ਹੈ।ਮੁੱਲ ਦੀ ਤੀਵੀਂ ਹੋਣਾ ਇਸ ਬਿਰਤਾਂਤ ਦਾ ਰਵਾਨਗੀ ਬਿੰਦੂ ਹੈ। ਜਿਵੇਂ ਕਿ ਲੇਖਿਕਾ ਨੇ ਆਪਣੀ ਸਾਹਿਤਕ ਸਵੈ-ਜੀਵਨੀ ਵਿੱਚ ਲਿਖਿਆ ਹੈ," ਤੁਸੀਂ ਜਾਣਨਾ ਚਾਹੋਗੇ ਕਿ ਬੀਜ

ਬਿਰਖ ਕਿਵੇਂ ਬਣਦੇ ਨੇ। "ਏਹੁ ਹਮਾਰਾ ਜੀਵਣਾ" ਦੀ ਨਾਇਕਾ ਭਾਨੋ ਵਰਗੀ ਔਰਤ ਨੂੰ ਮੈਂ ਆਪਣੇ ਨਾਨਕੀ ਪਾਠ ਦੇ ਭੋਗ ਤੇ ਦੇਖਿਆ ਸੀ ਤੇ ਉਸਦੀ ਬੇਚੈਨ ਜਿਹੀ ਸ਼ਕਲ ਧੁਰ ਮੇਰੇ ਅੰਦਰ ਕਿਧਰੇ ਮੇਰੇ ਮਨ ਵਿਚ ਲਹਿ ਗਈ ਸੀ । ਮੈਂ ਮਾਮੀ ਜੀ ਨੂੰ ਉਸ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਨਰਾਇਣ ਅਮਲੀ ਦੀ ਘਰਵਾਲੀ ਹੈ,ਹਰਦੁਆਰੋਂ ਲੈ ਕੇ ਆਇਐ।

ਗੱਲ ਆਈ ਗਈ ਹੋ ਗਈ। ਵਕਤ ਲੰਘਦਾ ਗਿਆ।

ਮੇਰੇ ਅਚੇਤ ਮਨ ਨੇ ਪਤਾ ਨਹੀਂ ਕਦੋਂ ਤੇ ਕਿਵੇਂ ਇੱਕ ਕਹਾਣੀ ਸਿਰਜ ਲਈ। ਮੇਰੇ ਹੱਥਾਂ ਨੇ ਜਦੋਂ ਉਹ ਕਹਾਣੀ ਲਿਖੀ ਤਾਂ ਉਹ "ਏਹੁ ਹਮਾਰਾ ਜੀਵਣਾ" ਨਾਵਲ ਬਣ ਗਿਆ।

ਇਸ ਖੋਜ ਪਰਚੇ ਵਿੱਚ ਨਵੀਂ ਸਥਾਪਿਤ ਹੋਈ ਵਿਗਿਆਨਕ ਵਿਧੀ ਦੇ ਵਿਧਾਨ ਸਾਹਿਤ ਇਹਨਾਂ ਤਿੰਨ ਪੱਧਰਾਂ ਉਤੇ ਸਾਡੇ ਇਹਨਾਂ ਨਾਵਲਾਂ ਦੇ ਬਿਰਤਾਂਤ ਦਾ ਅਧਿਐਨ ਕੀਤਾ ਗਿਆਂ ਹੈ।

ਸਿਧਾਂਤਕ ਪੱਖ :

ਹਰ ਕਲਾ ਕਿਰਤ ਇੱਕ ਭਾਵ-ਪੂਰਤ ਰਚਨਾ ਹੁੰਦੀ ਹੈ। ਇਹ ਕਿਸੇ ਭਾਵਪੂਰਤ ਦ੍ਰਿਸ਼ ਦੀ ਝਾਕੀ ਹੁੰਦੀ ਹੈ,ਜਿਸ ਵਿੱਚੋਂ ਕੁਝ ਪੇਸ਼ ਹੋ ਰਿਹਾ ਹੁੰਦਾ ਹੈ ਜੋ ਮਨੁੱਖ ਦੇ ਮਨ ਨੂੰ ਟੁੰਬਦਾ ਹੈ। ਹਰ ਕਲਾ ਕਿਰਤ ਕਿਸੇ ਵਿਸ਼ੇਸ ਮਨੁੱਖੀ ਸਥਿਤੀ ਦਾ ਵਰਨਣ ਕਰ ਰਹੀ ਹੁੰਦੀ ਹੈ। ਇਹ ਮਨੁੱਖੀ ਸਥਿਤੀ , ਮਨੁੱਖ ਅਤੇ ਸਮਾਜ ਦੇ ਆਂਤਰਿਕ ਵਿਰੋਧਾਂ ਅਤੇ ਸਬੰਧਾਂ ਸਦਕਾ ਹੋਂਦ ਵਿੱਚ ਆਉਂਦੀ ਹੈ। ਇਹ ਸਥਿਤੀ ਸਭਿਆਚਾਰਕ ਸਮਾਜ ਪ੍ਰਬੰਧ ਵਿੱਚ ਮੋਜੂਦ ਹਿੰਸਾ ਅਤੇ ਤਣਾਉ ਕਾਰਨ ਪੈਦਾ ਹੁੰਦੀ ਹੈ।ਇਸੇ ਤਰਾਂ ਹਰ ਸਾਹਿਤਕ ਕਿਰਤ ਇੱਕ ਭਾਵ-ਪੂਰਤ ਰਚਨਾ ਹੁੰਦੀ ਹੈ। ਇਹ ਵੀ ਕਿਸੇ ਵਿਸ਼ੇਸ ਮਨੁੱਖੀ ਸਥਿਤੀ ਦਾ ਵਰਨਣ ਕਰ ਰਹੀ ਹੁੰਦੀ ਹੈ। ਜਿਹੜੀ ਮਨੁੱਖ ਅਤੇ ਸਮਾਜ ਦੇ ਆਂਤਰਿਕ ਵਿਰੋਧਾਂ ਅਤੇ ਸਬੰਧਾਂ ਸਦਕਾ ਹੋਂਦ ਵਿੱਚ ਆਉਂਦੀ ਹੈ। ਪਾਠ ਵਿਸ਼ਲੇਸ਼ਣ ਨਾਲ ਸਬੰਧਿਤ ਵਿਦਵਾਨਾਂ ਨੇ ਇਸ ਸਥਿਤੀ ਨੂੰ ਕਿਸੇ ਵਿਆਖਿਆਨ ਦਾ ਰਵਾਨਗੀ ਬਿੰਦੂ ਕਿਹਾ ਹੈ। ਇਸ ਸਥਿਤੀ ਨੂੰ ਆਮ ਸੁਹਜ ਵਿੱਚ ਹੀ ਪ੍ਰਤੱਖ ਰੂਪ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਜਦੋਂ ਇਹ ਸਥਿਤੀ ਕਿਸੇ ਲੇਖਕ ਅੱਗੇ ਪਰਗਟ ਹੁੰਦੀ ਹੈ ਵਧੇਰੇ ਸਿਰਜਨਾਤਮਿਕ ਹੋਣ ਕਾਰਨ ਉਹ ਇਸ ਨੂੰ ਬੜੀ ਸੰਵੇਦਨਾ ਨਾਲ ਵੇਖਦਾ ਹੈ ਅਤੇ ਮਹਿਸੂਸ ਕਰਦਾ ਹੈ। ਉਸਦੇ ਮਨ ਵਿੱਚ ਔਖ ਪੈਦਾ ਹੁੰਦੀ ਹੈ। ਉਸਦੇ ਮਨ ਵਿੱਚ ਪੈਦਾ ਹੋਈ ਇਹ ਔਖ, ਉਸਦੇ ਅੰਦਰਲੇ ਕਲਾਕਾਰ ਨੂੰ ਜਗਾਉਂਦੀ ਹੈ ਅਤੇ ਇਹ ਲੇਖਕ ਨੂੰ ਇਸਦਾ ਗਹੁ ਨਾਲ ਵਿਸ਼ਲੇਸ਼ਣ ਕਰਨ ਲਈ ਪ੍ਰੇਰਿਤ ਕਰਦੀ ਹੈ ਤਾਂ ਕਿ ਉਹ ਇਸ ਔਖ ਨੂੰ ਹੱਲ ਕਰਨ ਦਾ ਰਾਹ ਲੱਭੇ ਅਤੇ ਚੱਲ ਰਹੀ ਇਸ ਦਵੰਦਾਤਮਿਕ ਪ੍ਰੀਕਿਰਿਆ ਵਿੱਚ ਛੁੱਪੇ ਹੋਏ ਆਂਤਰਿਕ ਵਿਰੋਧਾਂ ਦੀਆ ਪਰਤਾਂ ਦੀ ਨਿਸ਼ਾਨਦੇਹੀ ਕਰੇ ਅਤੇ ਇਸ ਸਥਿਤੀ ਵਿੱਚ ਪਰਗਟ ਹੋ ਰਹੇ ਯਥਾਰਤ ਨੂੰ ਚਿੰਨਹਕਾਂ ਦੇ ਇੱਕ ਅਜਿਹੇ ਨਵੇਂ ਤਾਣੇ-ਬਾਣੇ ਰਾਹੀਂ ਕਿਸੇ ਹੋਰ ਵਿਸ਼ੇਸ ਰਚਨਾ ਵਿੱਚ ਪੇਸ਼ ਕਰ ਸਕੇ, ਜਿਸ ਵਿੱਚ ਮਨੁੱਖ ਨੂੰ ਇਸ ਸਥਿਤੀ ਵੱਲ ਧੱਕਣ ਅਤੇ ਖਿੱਚਣ ਵਾਲੇ ਸਾਰੇ ਕਾਰਕ ਸ਼ਾਮਲ ਹੋਣ।ਇਸ ਤਰ੍ਹਾਂ ਕੋਈ ਲੇਖਕ ਇੱਕ ਨਵੀਂ ਸਰੰਚਨਾ ਦੀ ਸਿਰਜਨਾ ਕਰਦਾ ਹੈ। ਜਿਹੜਾ ਕਿ ਉਸਦੀ ਸਾਹਿਤਕ ਕ੍ਰਿਤ ਹੁੰਦੀ ਹੈ।

1. ਭਾਵਪੂਰਤਾ
2. ਭਾਵਪੂਰਤਾ ਦੇ ਸੰਕਲਪ
3. ਚਿੰਤਨ

**1. ਭਾਵਪੂਰਤਾ**

ਪਹਿਲੇ ਪੱਧਰ ਵਿੱਚ "ਅਗਨੀ- ਪ੍ਰੀਖਿਆ" ਅਤੇ "ਏਹੋ ਹਮਾਰਾ ਜੀਵਣਾ" ਨਾਵਲਾਂ ਦੇ ਸਮੁੱਚੇ ਬਿਰਤਾਂਤ ਨੂੰ ਵੱਖ ਵੱਖ ਭਾਵ-ਪੂਰਤ ਕੜੀਆਂ ਵਿੱਚ ਤੋੜਿਆ ਗਿਆ ਹੈ। ਹਰ ਕੜੀ ਭਾਵ-ਪੂਰਤਾ ਦੀ ਮੂਲ ਇਕਾਈ ਹੈ।ਇਸ ਵਿੱਚ ਸ਼ਾਮਲ ਰਚਨਾਤਮਿਕ ਪਰਿਕਿਰਿਅਵਾਂ ਅਤੇ ਨੂੰ ਵਾਕ-ਤਰਕ ਰਾਹੀਂ ਸਮਝਣ ਦੀ ਕੋਸ਼ਿਸ ਕੀਤੀ ਗਈ ਹੈ।ਹਰ ਬਿਰਤਾਂਤ ਤਰਕ ਵਾਕਾਂ ਦਾ ਜਾਲ ਹੁੰਦਾ ਹੈ ਇਸ ਵਿੱਚ ਤਰਕ ਵਾਕਾਂ ਦੀ ਗੋਂਦਾਈ ਅਤੇ ਬੁਣਤੀ ਬੜੀ ਜਟਿਲ ਹੁੰਦੀ ਹੈ।ਅਧਿਐਨ ਦੌਰਾਨ ਵੱਖ ਵੱਖ ਤਰਕ ਵਾਕਾਂ ਦਾ ਵਰਗੀਕਰਨ ਕੀਤਾ ਗਿਆਂ ਹੈ। ਤਰਕ ਵਾਕਾਂ ਨੂੰ ਤਿੰਨ ਸ੍ਰੈਣੀਆਂ : ਸੁਤੰਤਰ, ਪੂਰਵਕ,ਵਿਸਥਾਰਿਕ ਵਿੱਚ ਵੰਡਿਆ ਗਿਆ ਹੈ। ਬਿਰਤਾਂਤ ਘਟਨਾਵਾਂ ਦਾ ਮਹਿਜ ਬਿਆਨ ਨਹੀਂ ਹੁੰਦਾ ਬਲਕਿ ਭਾਵ-ਭਰਪੂਰਤਾ ਦੀ ਸਮੁੱਚੀ ਝਾਕੀ ਹੁੰਦਾ ਹੈ। ਜਿਸ ਵਿੱਚ ਕਿਸੇ ਵਿਸ਼ੇਸ ਮਨੁੱਖੀ ਸਥਿਤੀ ਨੂੰ ਸੂਤਰਬੱਧ ਕੀਤਾ ਹੁੰਦਾ ਹੈ। ਇਹ ਵਿਸ਼ੇਸ

ਸਥਿਤੀ ਮਨੁੱਖ ਹਾਲਤ ਦੇ ਖਲਲ ਵਿੱਚੋਂ ਪੈਦਾ ਹੁੰਦੀ ਹੈ। "ਅਗਨੀ ਪ੍ਰੀਖਿਆ" ਅਤੇ " ਏਹੁ ਹਮਾਰਾ ਜੀਵਣਾ" ਦੇ ਬਿਰਤਾਂਤ ਵਿੱਚਲੀ ਅਵਸਥਾ ਜੋ ਪੇਸ਼ ਹੋ ਰਹੀ ਹੈ,ਉਹ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਗੁਲਾਮੀ ,ਦੁਰਦਸ਼ਾ, ਤਣਾਉ, ਬੇਵਸੀ ਉਸ ਨਾਲ ਹੋ ਰਹੇ ਅਨਿਆ ਅਤੇ ਹਿੰਸਾ ਦੀ ਅਵਸਥਾ ਹੈ। ਪੰਜਾਬੀ ਸਭਿਆਚਾਰਕ ਸਮਾਜ ਵਿੱਚ ਮਰਦ ਦੀ ਪ੍ਰਭੁਸਤ੍ਹਾ ਦੁਆਲੇ ਉਸਰੀ ਹੋਈ ਬਾਕੀ ਸਭ ਵਿਆਕਤੀਗਤ ਭਾਵਨਾਵਾਂ 'ਤੇ ਭਾਰੂ ਹੁੰਦੀ ਪੇਸ਼ ਕੀਤੀ ਗਈ ਹੈ। ਸਵੈ ਦੀ ਤਲਾਸ਼ ਵਿੱਚ ਇਹਨਾਂ ਸਮੂਹਿਕ ਮਾਨਸਿਕ ਧਾਰਨਾਵਾਂ ਦਾ ਵਿਆਕਤੀਗਤ ਮਾਨਸਿਕਤਾ ਨਾਲ ਟਕਰਾਓ ਸੁਭਾਵਿਕ ਹੈ। ਹਰ ਸਾਹਿਤਕ ਬਿਰਤਾਤ ਇਸ ਟਕਰਾਉ ਤੋਂ ਸੁਰੂ ਹੁੰਦੇ ਹੈ। ਜਿਵੇਂ ਜਿਵੇਂ ਇਸ ਟਕਰਾਉ ਦਾ ਵਿਕਾਸ ਹੁੰਦਾ ਹੈ ਬਿਰਤਾਂਤ ਅੱਗੇ ਵਧਦਾ ਹੈ। ਇਹਨਾਂ ਦੋ ਕਿਸਮ ਦੀਆਂ ਸਿਰੇ ਦੀਆਂ ਧਰੁਵੀਂ ਮਾਨਸਿਕਤਾਵਾਂ ਅਤੇ ਇਹਨਾਂ ਉਪਰ ਉਸਰੀਆਂ ਮਾਨਸਿਕ ਪਰਸਥਿਤੀਆਂ ਇਕੋ ਸਮੇਂ ਪੇਸ਼ ਕਰਨਾ ਹੀ ਇਹਨਾਂ ਦੋ ਨਾਵਲਾਂ "ਅਗਨੀ ਪ੍ਰੀਖਿਆ" ਅਤੇ " ਏਹੁ ਹਮਾਰਾ ਜੀਵਣਾ" ਦਾ ਉਦੇਸ਼ ਹੈ। ਸਾਹਿਤਕ ਬਿਰਤਾਂਤ ਦੀ ਤਰਕ ਪੂਰਵਕ ਅਨੁਕ੍ਰਮਤਾ ਬੜੀ ਗਤੀਸ਼ੀਲ ਹੁੰਦੀ ਹੈ। ਅਕਸਰ ਇੱਕ ਸੰਕਟ ਤੋਂ ਦੂਜੇ ਸੰਕਟ ਅਤੇ ਦੂਜੇ ਤੋਂ ਤੀਜੇ ਸੰਕਟ ਵੱਲ ਚਲੀ ਜਾਂਦੀ ਹੈ। ਦੋਹਾਂ ਨਾਵਲਾਂ ਦੇ ਬਿਰਤਾਂਤ ਵਿਚਲੇ ਪਾਤਰ ਆਪੋ ਆਪਣੇ ਧਰਮ ਸੰਕਟ ਵਿੱਚ ਫਸੇ ਹੋਏ ਹਨ। ਬਿਰਤਾਂਤ ਦੀ ਹਰ ਕੜੀ ਕਿਸੇ ਮਾਨਸਿਕ ਤਣਾਉ ਨੂੰ ਪੇਸ਼ ਕਰਦੀ ਹੈ। ਇਹ ਮਾਨਸਿਕ ਪਸ਼ਮਾਨੀਆਂ ਇੱਕ ਕੜੀ ਨੂੰ ਦੂਸਰੀ ਕੜੀ ਨਾਲ ਜੋੜਦੀਆਂ ਹਨ ਇਸ ਤਰ੍ਹਾਂ ਸਮੁੱਚੇ ਬਿਰਤਾਂਤ ਨੂੰ ਤਰਕਪੂਰਵਕ ਅਨੁਕ੍ਰਮਤਾ ਵਿੱਚ ਸੂਤਰਬੱਧ ਕਰਦੀਆਂ ਹਨ।

**ਭਾਵਪੂਰਤਾ ਦੀ ਭਾਵ-ਜੁਗਤ; ਪੈਟਰਨਜ਼ ਅਤੇ ਸੰਕਲਪ**

ਦੂਸਰੇ ਪੱਧਰ ਵਿੱਚ ਇਹਨਾਂ ਕੜੀਆਂ ਦੇ ਭਾਵਮਈ ਦੇ ਸੰਕਲਪਾਂ ਨੂੰ ਸਮਝਿਆ ਗਿਆ ਹੈ। ਤਰਕ ਵਾਕ ਦੇ ਉਪਰਲੇ ਪੱਧਰ ਅਤੇ ਉਸ ਪਿੱਛੇ ਪਈ ਪ੍ਰਬੰਧ ਜੋ ਇਸਨੂੰ ਭਾਵਪੂਰਤ ਬਣਾਉਂਦਾ ਹੈ, ਨੂੰ ਸਮਝਿਆ ਗਿਆ ਹੈ। ਇਹ ਪੱਧਰ ਭਾਵ-ਜੁਗਤ ਦਾ ਪੱਧਰ ਹੈ। ਭਾਵ-ਪੁਰਤਾ ਦੀ ਜੁਗਤ ਪਾਠ ਵਿਚਲੇ ਤੱਤਾਂ ਦੇ ਅਧਾਰਿਤ ਹੁੰਦੀ ਹੈ,ਹਰ ਸਥਿਤੀ ਵਿੱਚ ਮੋਜੂਦ ਮੂਲ ਮਾਨਸਿਕ ਵਤੀਰਿਆਂ ਦੀਆਂ ਪਰਸਪਰ ਪਰਿਕਿਰਿਆਵਾਂ ਦੁਆਰਾ ਹੀ ਇਸ ਦੇ ਪੈਟਰਨਜ਼ ਨੂੰ ਸਮਝਿਆ ਜਾ ਸਕਦਾ ਹੈ। ਇਹ ਸਿਰਜਨਾ ਦਾ ਸਭ ਤੋਂ ਜ਼ਰਖੇਜ ਪੜਾਅ ਹੈ ਜਿਸ ਵਿੱਚ ਮਨੁੱਖੀ ਦਵੰਦਾਂ ਦਾ ਖਾਕਾ ਸਥਾਪਿਤ ਹੁੰਦਾ ਹੈ। ਇਸ ਵਿੱਚ ਸਮਾਜਿਕ ਤੱਥਾਂ ਨੂੰ ਉਹਨਾਂ ਦੀ ਹੱਦ ਤੱਕ ਮਹਿਸੂਸ ਕੀਤਾ ਜਾਂਦਾ ਹੈ। ਇਸ ਸ਼ਪੱਸਟਕਾਰੀ ਪੜਾਅ ਵਿੱਚ ਪਾਠ ਦੀ ਭਾਵ-ਜੁਗਤ ਦਾ ਬ੍ਰਹਿਮੰਡ ਨਿਰਧਾਰਿਤ ਕੀਤਾ ਜਾਂਦਾ ਹੈ।ਮੂਲ ਵਿਰੁਧਾਂ ਜਾਂ ਹਿੰਸਕ ਕਾਰਕਾਂ ਉਹਨਾਂ ਦੇ ਚਿਹਨਕਾਂ, ਬਿੰਬਾਂ ਅਤੇ ਭਾਵਾਂ ਨੂੰ ਸਮਝਿਆ ਜਾਂਦਾ ਹੈ। ਸੰਸਲੇਸ਼ਣ ਅਤੇ ਨਿਪੇਟਣ ਦੇ ਸਿਰਜਨਾਤਮਿਕ ਪ੍ਰਭਾਵ ਹੇਠ ਵਿਸਥਾਰਿਕ ਭਾਵਭਰਪੂਰਤ ਅਤੇ ਭਾਵ-ਜੁਗਤਕ ਵਿਸ਼ਲੇਸ਼ਣ ਤੋਂ ਬਾਅਦ ਸਾਡੀ ਖੋਜ ਵਿਧੀ ਦਾ ਤੀਜੇ ਪੜਾਅ ਚਿੰਤਨ 'ਤੇ ਪਹੁੰਚਦੇ ਹਾਂ। ਜੁਗਤ ਦੀ ਇਸ ਮੂਲ ਇਕਾਈ ਵਿੱਚ ਅਸੀਂ ਬਿਰਤਾਂਤ-ਵਿਆਖਿਆਨ ਨੂੰ ਇਸਦੇ ਇਤਿਹਾਸਕ, ਮਾਨਵ ਵਿਗਿਆਨਕ ਅਤੇ ਮਨੋਵਿਗਿਆਨਿਕ ਪ੍ਰਾਖੇਪ ਵਿੱਚ ਵਾਚਿਆਂ ਗਿਆ ਹੈ। ਹਰ ਸਾਹਿਤਕ ਵਿਆਖਿਆਨ ਕਿਸੇ ਲੇਖਕ ਦੁਆਰਾ ਸਿਰਜਿਆ ਹੁੰਦਾ ਹੈ ਅਤੇ ਹਰ ਲੇਖਕ ਆਪਣੇ ਸਮੇਂ ਦੀ ਉਪਜ ਹੁੰਦਾ ਹੈ। ਇਸ ਲਈ ਕੋਈ ਵੀ ਵਿਆਖਿਆਨ ਖਿਲਾਅ ਵਿੱਚ ਨਹੀਂ ਸਿਰਜਿਆ ਜਾ ਸਕਦਾ। ਹਰ ਲੇਖਕ ਉੱਤੇ ਉਸ ਦੇ ਸਮਾਜਿਕ,ਆਰਥਿਕ,ਰਾਜਨੀਤਕ ਅਤੇ ਬੋਧਿਕ ਪ੍ਰਭਾਵ ਦਾ ਅਸਰ ਹੁੰਦਾ ਹੈ ਜਿਹੜਾ ਕਿ ਉਸਦੀ ਲਿਖਤ ਵਿੱਚੋਂ ਪਰਗਟ ਹੋ ਰਿਹਾ ਹੁੰਦਾ ਹੈ।

**3. ਚਿੰਤਨ**

ਤੀਜਾ ਪੱਧਰ ਚਿੰਤਨ ਦਾ ਪੱਧਰ ਹੈ। ਹਰ ਲੇਖਕ ਆਪਣੇ ਸਮੇਂ ਦੀ ਉਪਜ ਹੁੰਦਾ ਹੈ। ਉਸ ਦੇ ਯੁੱਗ ਵਿੱਚ ਮੌਜੂਦ ਸਭਿਆਚਾਰਕ ਤੱਥ, ਰਾਜਸੀ ਘਟਨਾਵਾਂ ਅਤੇ ਬੋਧਿਕ ਲਹਿਰਾਂ ਦਾ ਪ੍ਰਭਾਵ ਉਸਦੀ ਰਚਨਾ ਵਿੱਚੋਂ ਝਲਕਦਾ ਹੈ। ਵਿਆਖਿਆਨ ਕਿਸੇ ਅਨੁਭਵ ਸਿੱਧ ਯਥਾਰਤ ਦੀ ਮਹਿਜ ਮਿਲਦੀ ਜੁਲਦੀ ਪੇਸ਼ਕਾਰੀ ਨਹੀਂ ਹੁੰਦਾ।ਸਮਕਾਲਕਤਾ ਤੱਥਾਂ ਦਾ ਸਪਾਟ ਚਿੱਤਰ ਨਹੀਂ ਨਾ ਹੀ ਆਪਣੇ ਭੂਤ ਅਤੇ ਭੱਵਿਖੀ ਜਾਂ ਸੰਭਾਵੀ ਪਰਿਕਿਰਿਆਵਾਂ ਪੈਦਾ ਕਰਨ ਤੋਂ ਆਜ਼ਾਦ ਹੁੰਦਾ ਹੈ। ਬਲਕਿ ਇਸਦੀ ਭਾਵ-ਜੁਗਤ ਸਮਕਾਲਿਕ ਅਤੇ ਇਤਿਹਾਸਕ ਕ੍ਰਮ ਦੇ ਪਰਸਪਰ ਸਬੰਧਾਂ ਵਿੱਚੋਂ ਉਪਜਦੀ ਹੈ। ਬੇਸ਼ੱਕ ਹਰ ਲਿਖਾਰੀ ਦਾ ਵਿਚਾਰਧਾਰਕ ਖੇਤਰ

ਉਸਦੇ ਯੁੱਗ ਦੇ ਵੱਖ ਵੱਖ ਸਮਾਜਿਕ,ਰਾਜਨੀਤਕ ਅਤੇ ਇਤਿਹਾਸਕ ਹਵਾਲਿਆਂ ਦੇ ਗਿਆਨ 'ਤੇ ਨਿਰਭਰ ਕਰਦਾ ਹੈ ਪਰੰਤੂ ਅਸਲ ਵਿੱਚ ਉਸ ਦੀ ਆਪਣੀ ਸਥਿਤੀ ਉਤੇ ਉਸ ਦੀ ਉਸ ਸਮੱਰਥਾ 'ਤੇ ਨਿਰਭਰ ਕਰਦਾ ਹੇ ਜਿਸ ਰਾਹੀਂ ਉਹ ਬ੍ਰਹਿਮੰਡ ਦੀਆਂ ਚੀਜ਼ਾਂ ਨੂੰ ਆਪਣੇ ਦੁਆਰਾ ਸਿਰਜੇ ਚਿੰਨ੍ਹਾਂ ਜਾਂ ਬਿੰਬਾਂ ਰਾਹੀਂ ਉਜਗਰ ਰੂਪ ਵਿੱਚ ਪੇਸ਼ ਕਰਦਾ ਹੈ।ਇਸ ਲਈ ਸਾਹਿਤਕ ਰਚਨਾ ਇੱਕ ਗਤੀਸ਼ੀਲ ਸਰੰਚਨਾ ਹੈ ਜਿਹੜੀ ਕਿ ਖਾਸ ਚਿੰਨ੍ਹਾਤਮਕ ਸਰੰਚਨਾ ਨਾਲ ਸਿਰਜੀ ਗਈ ਹੁੰਦੀ ਹੈ। ਇਹ ਸਿਰਜਨਾਤਮਕ ਸਰੰਚਨਾ ਤਣਾਉ ਦੀ ਸਰੰਚਨਾ ਹੈ।ਤਣਾਉ ਹੀ ਹਰ ਸਾਹਿਤਕ ਵਿਆਂਖਿਆਨ ਦਾ ਮੂਲ ਰਵਾਨਗੀ ਬਿੰਦੂ ਹੁੰਦਾ ਹੈ। ਇਸ ਤੋਂ ਹੀ ਸ਼ੁਰੂ ਹੋ ਕੇ ਇਹ ਕਿਸੇ ਵਿਸ਼ੇਸ ਅਨੁਕ੍ਰਮ ਵਿੱਚ ਅੱਗੇ ਵੱਧਦਾ ਹੈ। ਇਸ ਤਰ੍ਹਾ ਚਿੰਤਨ ਦੇ ਇਸ ਪੱਧਰ ਵਿੱਚ ਵੱਖ ਵੱਖ ਵਿਗਿਅਨਾਂ ਜਿਵੇਂ ਸਮਾਜ ਵਿਗਿਆਨ,ਮਾਨਵ-ਵਿਗਿਆਨ, ਮਨੋਵਿਗਿਆਨ ਅਤੇ ਇਤਿਹਾਸ ਦੇ ਅਧਿਐਨ ਦ੍ਰਿਸ਼ਟੀਕੋਣਾਂ ਇਹਨਾਂ ਦੀ ਵਿਹਾਰਿਕ ਦਖਲ ਰਾਹੀਂ ਬੋਧਿਕ ਚੀਰ-ਫਾੜ ਕੀਤੀ ਗਈ ਹੈ।ਜਿਹਨਾਂ ਰਾਹੀਂ ਪੰਜਾਬੀ ਸਭਿਆਚਾਰਿਕ ਸਮਾਜ ਖਾਸ ਕਰਕੇ ਜਗੀਰਦਾਰੀ ਸਮਾਜ ਪ੍ਰਬੰਧ ਵਿੱਚ ਔਰਤ ਦੀ ਸੀਥਤੀ, ਸਮਜਿਕ ਤੱਥ, ਕਦਰਾਂ-ਕੀਮਤਾਂ ਪ੍ਰਤੀ ਸਮੂਹਿਕ ਮਾਨਸਿਕਤਾ, ਸਮੂਹਿਕ ਚੇਤਨਾ ਅਤੇ ਵਿਆਕਤੀਗਤ ਚੇਤਨਾ ਅਤੇ ਅਵਚੇਤਨਾ ਵਿਚਲੇ ਟਕਰਾਅ ਨੂੰ ਸਮਝਿਆਂ ਗਿਆ ਹੈ।

ਹਰ ਸਾਹਿਤਕ ਕ੍ਰਿਤ ਦਾ ਕੋਈ ਇਕ ਰਵਾਨਗੀ ਬਿੰਦੂ ਹੁੰਦਾ ਹੈ। ਜਿਸਨੂੰ ਸੰਕਟ ਬਿੰਦੂ ਕਿਹਾ ਜਾ ਸਕਦਾ ਹੈ। ਜਿਸ ਸੰਕਟ ਤੋਂ ਪੈਦਾ ਹੋਏ ਸੰਕਟਾਂ ਦੀ ਪੇਸ਼ਕਾਰੀ ਸਮੁੱਚੀ ਰਚਨਾ ਹੁੰਦੀ ਹੈ। "ਅਗਨੀ ਪ੍ਰੀਖਿਆ" ਲੇਖਿਕਾ ਦਾ ਪਲੇਠਾ ਨਾਵਲ ਹੈ ਜਿਸ ਰਾਹੀਂ ਉਹ ਪੰਜਾਬੀ ਨਾਵਲ ਜਗਤ ਵਿਚ ਪ੍ਰਵੇਸ਼ ਕਰਦੀ ਹੈ। ਇਹ ਨਾਵਲ ਉਸਦੀ ਸਵੈ-ਜੀਵਨੀ "ਨੰਗੇ ਪੈਰਾਂ ਦਾ ਸਫਰ" ਉੱਤੇ ਅਧਾਰਿਤ ਹੈ, ਭਾਵ ਉਸਦੀ ਆਪਣੀ ਹੀ ਕਹਾਣੀ ਤੇ ਅਧਾਰਿਤ ਹੈ। ਬਿਰਤਾਂਤ ਦਾ ਰਵਾਨਗੀ ਬਿੰਦੂ ਲੇਖਿਕਾ ਦਾ ਵਿਆਹ ਦਾ ਰਿਸ਼ਤਾ ਟੁੱਟਣਾ ਹੈ, ਇਹ ਰਿਸ਼ਤਾ ਇਸ ਕਾਰਨ ਟੁੱਟ ਜਾਂਦਾ ਹੈ ਕਿ ਮੁੰਡੇ ਦੇ ਮਾਪਿਆਂ ਕੋਲ ਕੋਈ ਚੁਗਲੀ ਕਰ ਦਿੰਦਾ ਹੈ ਕਿ ਕੁੜੀ ਦੇ ਇਕ ਨੇੜੇ ਦੇ ਰਿਸ਼ਤੇਦਾਰ ਮੁੰਡੇ ਨਾਲ ਨਜ਼ਾਇਜ਼ ਸੰਬੰਧ ਹਨ। ਇਹ ਨਾਵਲ ਜਗੀਰਦਾਰੀ ਸਮਾਜ ਪ੍ਰਬੰਧ ਵਿਚ ਵੱਡੇ ਸਰਦਾਰਾਂ ਅਤੇ ਅਸਰ ਰਸੂਖ, ਪੜ੍ਹੇ ਲਿਖੇ ਪਰਿਵਾਰਾਂ ਵਿਚ ਔਰਤ ਦੀ ਹੋਂਦ ਅਤੇ ਸੰਕਲਪ ਨੂੰ ਪੇਸ਼ ਕਰਦਾ ਹੈ। ਲੇਖਿਕਾ ਅਨੁਸਾਰ ਉਸਨੇ ਇਸ ਨਾਵਲ ਵਿਚ ਸਿਰਜੇਜਾਣ ਤੇ ਫਨਾਹ ਹੋਣ ਦੇ ਕਰਮ ਨੂੰ ਉਸਨੇ ਉਲਟਾ ਕਰਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਮਹਾਂਕਾਵਿ ਰਮਾਇਣ ਵਿਚ ਸੀਤਾ ਦੀ ਅਗਨੀ-ਪ੍ਰੀਖਿਆ ਸੀਤਾ ਨੂੰ ਦੈਵੀ ਸ਼ਕਤੀ ਬਣਾ ਦਿੰਦੀ ਹੈ। ਬੇਸ਼ੱਕ ਉਸ ਵੇਲੇ ਦਾ ਸਮਾਜ ਅਤੇ ਖੁਦ ਰਾਮ ਸੀਤਾ ਨੂੰ ਦੋਸ਼ ਦ੍ਰਿਸ਼ਟੀ ਨਾਲ ਵੇਖਦਾ ਹੈ। ਇਸ ਜਗੀਰਦਾਰੀ ਸਮਾਜ ਪ੍ਰਬੰਧ ਸਮੂਹਿਕ ਮਾਨਸਿਕਤਾ ਅਤੇ ਸਵੈ ਚੇਤਨਾ ਵਿਚਲੇ ਟਕਰਾਅ ਵਿੱਚੋਂ ਪੈਦਾਹੋਈ ਹਿੰਸਾ ਅਤੇ ਮਾਨਸਿਕ ਤਣਾਓ ਦਾ ਸ਼ਿਕਾਰ ਔਰਤ ਹੁੰਦੀ ਹੈ, ਲੇਖਿਕਾ ਦੇ ਨਾਵਲ "ਅਗਨੀ ਪ੍ਰੀਖਿਆ" ਵਿੱਚ ਵੀ ਇਹ ਦਵੰਦਾਤਮਿਕ ਪ੍ਰੀਕ੍ਰਿਆ ਪੇਸ਼ ਹੁੰਦੀ ਹੈ। ਲੇਖਿਕਾ ਨੇ ਇਸ ਪ੍ਰੀਕ੍ਰਿਆ ਦੇ ਪਿੱਛੇ ਛੁਪੇ ਹੋਏ ਆਂਤਰਿਕ ਵਿਰੋਧਾਂ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕੀਤੀ ਹੈ। ਅਜਿਹੀ ਸਾਹਿਤਕ ਰਚਨਾ ਪੇਸ਼ ਕੀਤੀ ਹੈ ਜਿਸ ਵਿਚ ਉਸਨੂੰ ਇਸ ਸਥਿਤੀ ਵੱਲ ਛੱਕਣ ਅਤੇ ਖਿੱਚਣ ਵਾਲੇ ਸਾਰੇ ਕਾਰਕ ਸ਼ਾਮਲ ਹਨ। ਇਹਨਾਂ ਕਾਰਕਾਂ ਕਰਕੇ ਸੰਕਟ ਪੈਦਾ ਹੁੰਦਾ ਹੈ, ਸੰਕਟ ਤੋਂ ਸੰਕਟ ਪੈਦਾ ਹੁੰਦੇ ਹਨ ਜੋ ਸਮੁੱਚੀ ਕਥਾ ਜਾਂ ਰਚਨਾ ਦਾ ਰੂਪ ਧਾਰਨ ਕਰ ਲੈਂਦੇ ਹਨ। ਲੇਖਿਕਾ ਨੇ ਬੜੀ ਦਲੇਰੀ ਨਾਲ ਚਿੰਨਹਕਾਂ ਦੇ ਇਸ ਨਵੇਂ ਤਾਣੇ-ਬਾਣੇ ਰਾਹੀਂ ਆਪਣੇ ਜਗੀਰੂ ਸਮਾਜ ਪ੍ਰਬੰਧ ਦੇ ਯਥਾਰਥ ਨੂੰ ਬਿਆਨ ਕੀਤਾ ਹੈ। ਡਾ. ਐਮ.ਐਸ ਰੰਧਾਵਾ ਨੇ ਲੇਖਿਕਾ ਨੂੰ ਇਸ ਨਾਵਲ ਬਾਰੇ ਲਿਖੀ ਚਿੱਠੀ ਵਿਚ ਲਿਖਿਆ ਸੀ ਕਿ 'ਮੇਰਾ ਖਿਆਲ ਸੀ ਕਿ ਅਜਿਹੀਆਂ ਲਿਖਤਾਂ ਸਿਰਫ ਅੰਗਰੇਜੀ ਵਿਚ ਹੀ ਹੁੰਦੀਆਂ ਨੇ, ਤੂੰ ਤਾਂ ਜੱਟਾਂ ਦੀ ਕੁੜੀ ਹੈ ਕੇ ਏਡੀ ਵਧੀਆ ਚੀਜ਼ ਲਿਖੀ ਹੈ,'[1] (ਸਾਹਿਤਕ ਸਵੈ ਜੀਵਨੀ ਪੰਨਾ 9) ਚਿੰਨ੍ਹਾਂ ਦੇ ਨਵੇਂ ਤਾਣੇ-ਬਾਣੇ ਵਿਚ ਨਾਵਲ ਦੀ ਨਾਇਕਾ ਇੱਕ ਅਮਰ ਰਸੂਖ ਵਾਲੇ ਜਗੀਰਦਾਰੀ ਪਰਿਵਾਰ ਦੀ ਕੁੜੀ ਹੈ। ਇਹ ਪਰਿਵਾਰ ਇੱਕ ਵਿਸਥਾਰਿਤ ਸਾਂਝਾ ਪਰਿਵਾਰ ਹੈ ਜਿਸ ਵਿਚ ਨਾਇਕਾ ਦੇ ਡੇਡੀ ਦੇ ਪੱਗਵੱਟ ਦੋਸਤ ਦਾ ਮੁੰਡਾ ਵੀ ਰਹਿੰਦਾ ਸੀ। ਲੇਖਿਕਾ ਨੇ ਆਪਣੇ "ਨੰਗੇ ਪੈਰਾਂ ਦਾ ਸਫ਼ਰ" ਸਵੈ ਜੀਵਨ ਵਿਚਲੇ ਸਾਂਝੇ ਪਰਿਵਾਰ ਨੂੰ ਨਵੇਂ ਚਿੰਨਹਾਂ ਵਿਚ ਵਿਖਾਇਆ ਹੈ, ਜਿਸ ਵਿਚ

ਉਹ ਸਾਰੇ ਕਾਰਕ ਮੌਜੂਦ ਹਨ ਜੋ ਨਾਇਕਾ ਨੂੰ ਇਕ ਵਿਸ਼ੇਸ਼ ਮਨੁੱਖੀ ਸਥਿਤੀ ਵੱਲ ਧੱਕਦੇ ਅਤੇ ਖਿੱਚਦੇ ਹਨ। ਜਿਹੜੀ ਕਿ ਇਸ ਨਾਵਲ ਦੇ ਰਵਾਨਗੀ ਬਿੰਦੂ ਤੋਂ ਪੈਦਾ ਹੋ ਕੇ ਵੱਖ-ਵੱਖ ਸੰਕਟਾਂ ਵਿੱਚੋਂ ਲੰਘਦੀ ਹੈ। ਜਗੀਰਦਾਰ ਪਰਿਵਾਰਾਂ ਵਿਚ ਰਿਸ਼ਤਿਆਂ ਵਿਚਲੀ ਆਪਸੀ ਖਿਚੋਤਾਣ, ਸਾਜਿਸ਼ਾਂ ਤੇ ਬਦਲਾਖੋਰੀ ਨਾਇਕਾਂ ਦੀ ਮਾਨਸਿਕ ਹਿੰਸਾ ਦਾ ਕਾਰਨ ਬਣਦੀ ਹੈ। ਸਮੂਹਿਕ ਮਾਨਸਿਕਤਾ ਅਤੇ ਸਵੈ ਚੇਤਨਾ ਵਿਚਲਾ ਟਕਰਾਓ ਇਸ ਪੱਧਰ ਤੱਕ ਹਿੰਸਕ ਹੋ ਜਾਂਦਾ ਹੈ ਕਿ ਨਾਇਕਾ ਸਮੂਹਿਕ ਮਾਨਸਿਕਤਾ ਦੀ ਮਾਰ ਝੱਲਦੀ ਉਹ ਪਾਗਲ ਹੋ ਜਾਂਦੀ ਹੈ। ਨਾਇਕਾ ਪੜ੍ਹੀ ਲਿਖੀ ਅਤੇ ਸਵੈ ਚੇਤੰਨ ਹੈ ਪਰ ਮਰਦ ਪ੍ਰਧਾਨ ਸਮਾਜ ਉਸਦੀ ਸਵੈ ਚੇਤਨਾ ਅਤੇ ਜ਼ਿੰਦਗੀ ਦੀ ਸ਼ਾਨ ਨੂੰ ਢਹਿ ਢੇਰੀ ਕਰ ਦਿੰਦਾ ਹੈ। ਨਾਵਲ ਦਾ ਨਾਇਕਾ ਹੁੰਦੇ ਹੋਏ ਵੀ ਸਥਾਪਿਤ ਪ੍ਰਬੰਧ ਵਿਰੁਧ ਲੜਨ ਦੀ ਅਗਵਾਈ ਨਹੀਂ ਕਰਦੀ। ਉਹ ਗਲਤ ਅਤੇ ਠੀਕ ਦਾ ਫੈਸਲਾ ਨਹੀਂ ਕਰਦੀ। ਇਸੇ ਕਰਕੇ ਹੋਰਨਾਂ ਨਾਇਕਾਂ ਵਾਂਗ ਗਲਤ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਅਸਲ ਵਿਚ ਲੇਖਿਕਾ ਨੇ ਜਗੀਰਦਾਰੀ ਸਮਾਜ ਪ੍ਰਬੰਧ ਵਿਚ ਔਰਤ ਦੀ ਸਿਰਫ ਸਥਿਤੀ ਹੀ ਪੇਸ਼ ਜਿਸ ਵਿਚ ਉਹ ਸੁਤੰਤਰ ਨਹੀਂ ਹੈ, ਉਹ ਜਗੀਰਦਾਰੀ ਸਮਾਜ ਪ੍ਰਬੰਧ ਦੇ ਸਮਾਜਿਕ ਮੁੱਲਾਂ ਅਤੇ ਮਰਦ ਪ੍ਰਧਾਨ ਸਮਾਜ ਵੱਲੋਂ ਘੜੀਆਂ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਸ਼ਿਕਾਰ ਵੀ ਹੈ ਅਤੇ ਗੁਲਾਮ ਵੀ। ਇਸ ਸਮਾਜ ਪ੍ਰਬੰਧ ਦੇ ਸਮਾਜਿਕ ਮੁੱਲ ਅਨੁਸਾਰ ਔਰਤ ਦੇ ਵਿਆਹ ਦਾ ਨਿਰਣਾ ਪਰਿਵਾਰ ਦੇ ਬਜੁਰਗਾਂ ਵੱਲੋਂ ਲਿਆ ਜਾਂਦਾ ਹੈ। ਉਸਨੂੰ ਆਪਣੇ ਵਰ ਦੀ ਚੋਣ ਕਰਨ ਦਾ ਹੱਕ ਨਹੀਂ ਹੈ। "ਅਗਨੀ ਪ੍ਰੀਖਿਆ" ਵਿਚਲੀ ਮਨਦੀਪ ਪੜ੍ਹੀ ਲਿਖੀ ਹੋਣ ਦੇ ਬਾਵਜੂਦ ਵੀ ਦਲੇਰੀ ਨਾਲ ਇਸਦਾ ਵਿਰੋਧ ਨਹੀਂ ਕਰਦੀ। ਲੇਖਿਕਾ ਦੇ ਇਸ ਨਾਵਲ ਤੋਂ ਪਹਿਲਾਂ ਪੰਜਾਬੀ ਗਲਪ ਵਿਚ ਭਾਈ ਵੀਰ ਸਿੰਘ,ਨਾਨਕ ਸਿੰਘ ਵਰਗੇ ਲੇਖਿਕਾਂ ਨੇ ਔਰਤ ਨੂੰ ਬਹਾਦਰ ਨਾਇਕ ਦੇ ਰੂਪ ਵਿਚ ਪੇਸ਼ ਕੀਤਾਹੈ। "ਅਗਨੀ ਪ੍ਰੀਖਿਆ" ਵਿਚ ਔਰਤ ਦਾ ਦੁਖਾਂਤ ਨਹੀਂ ਬਲਕਿ ਉਸਦੀ ਕਰੁਣਾਮਈ ਸਥਿਤੀ ਹੈ। ਜਿਹੜੀ ਕਿ ਉਹ ਆਪ ਹੀ ਸਹੇੜ ਰਹੀ ਹੁੰਦੀ ਹੈ। ਜਿਸਦਾ ਉਹ ਵਿਰੋਧ ਨਹੀਂ ਕਰਦੀ ਪਰੰਤੂ ਸਵਿਕਾਰ ਕਰਦੀ ਹੈ। ਉਸਦੀ ਜ਼ਿੰਦਗੀ ਵਿਚ ਆਉਣ ਵਾਲੇ ਮਰਦਾਂ ਵਿੱਚੋਂ ਜਗਪਾਲ ਸਰੀਰਕ ਤੌਰ ਤੇ ਨਮਰਦ ਹੈ। ਜਸਵੀਰ, ਹਰਦੇਵ, ਹਰਿੰਦਰ ਅਤੇ ਸ਼ਿਵ ਆਦਿ ਦੁਬਿਧਾ ਦਾ ਸ਼ਿਕਾਰ ਹੋਣ ਕਾਰਨ, ਟੁੱਟੇ-ਹੋਏ ਵਿਆਕਤੀਤਵ ਅਤੇ ਉਜਾਗਰ ਰੂਪ ਵਿਚ ਨਿਬਨ ਲਈ ਅੰਘੂਰੇ ਹਨ ਫਿਰ ਵੀ ਮਨਦੀਪ ਉਹਨਾਂ ਬਾਰੇ ਸਮੇਂ ਅਤੇ ਸਥਾਨ ਅਨੁਸਾਰ ਫੈਸਲੇ ਨਹੀਂ ਕਰਦੀ ਸਗੋਂ ਖੁਦ ਪਾਗਲ ਹੋਜਾਂਦੀ ਹੈ। ਇਹ ਨਾਵਲ ਲੇਖਿਕਾ ਦੀ ਸਵੈ-ਜੀਵਨੀ ਤੇ ਅਧਾਰਿਤ ਹੈ। ਸ਼ਾਇਦ ਉਹ ਖੁਦ ਹੀ ਦੁਬਿਧਾ ਦਾ ਸ਼ਿਕਾਰ ਹੈ ਪਰੰਪਰਾ ਅਤੇ ਸਵੈ ਅਜ਼ਾਦੀ ਦੋਹਾਂ ਦੇ ਧਰਮ ਸੰਕਟ ਵਿਚ ਫਸੀ ਨਜ਼ਰ ਆਉਦੀ ਹੈ। ਇਸ ਲਈ ਉਸ ਵੱਲੋਂ ਸਿਰਜੇ ਪਾਤਰ ਸਮਾਜਿਕ ਸਮੂਹਿਕ ਮਾਨਸਿਕਤਾ ਅਤੇ ਸਵੈ-ਚੇਤਨਾ ਦੇ ਟਕਰਾਓ ਵਿਚ ਕਮਜ਼ੋਰ ਪੈ ਜਾਂਦੇ ਹਨ। ਆਤਮ ਹੱਤਿਆ ਕਰਦੇ ਹਨ ਜਾਂ ਪਾਗਲ ਹੋ ਜਾਂਦੇ ਹਨ। ਲੇਖਿਕਾ ਬਾਰੇ ਕਈ ਅਧਿਐਨਾਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਨਾਇਕਾਂ ਦਾ ਸੰਕਲਪ, ਜਸਵਿੰਦਰ ਕੌਰ, ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਨਾਰੀਵਾਦੀ ਅਧਿਐਨ, ਇੰਦਰਜੀਤ ਕੌਰ, ਦਲੀਪ ਕੌਰ ਦੇ ਨਾਵਲਾਂ ਦੇ ਬਦਲੇ ਪਰਿਪੇਖ ਵਿਚ ਔਰਤ ਦੇ ਵਿਭਿੰਨ ਬਿੰਬ, ਸੁਖਪਾਲ ਕੌਰ ਆਦਿ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਲੇਖਿਕਾ ਦੀਆਂ ਨਾਇਕਾਵਾਂ ਪ੍ਰਤੀ ਤਰਸ ਦੀ ਭਾਵਨਾ ਤਾਂ ਜ਼ਰੂਰ ਪੈਦਾ ਹੋ ਜਾਂਦੀ ਹੈ ਪਰ ਪਾਠਕਾਂ ਨੂੰ ਕੋਈ ਸੇਧ ਨਹੀਂ ਮਿਲਦੀ। ਇਸਦਾ ਮੂਲ ਕਾਰਨ ਇਹ ਹੈ ਕਿ ਟਿਵਾਣਾ ਦਾ ਸਮੁੱਚਾ ਗਲਪ ਸਾਹਿਤ ਇਕ ਅਜਿਹੀ ਬਿਮਾਰ ਮਨੋਸਥਿਤੀ ਦੀ ਉਪਜ ਹੈ। ਜਿਸ ਸਥਿਤੀ ਵਿਚ ਫਸਿਆ ਹੋਇਆ ਸਾਹਿਤਕਾਰ ਆਪਣੇ ਮਨੋਰੋਗ ਨੂੰ ਆਪਣੀਆਂ ਰਚਨਾਵਾਂ ਵਿਚ ਝਾੜਨ ਲਈ ਬੇਵੱਸ ਹੋ ਜਾਂਦਾ ਹੈ। (ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਨਾਇਕਾ ਦਾ ਸੰਕਲਪ, ਜਸਵਿੰਦਰ ਕੌਰ ਗਿੱਲ ਪੰਨਾ 155) ਅਗਨੀ ਪ੍ਰੀਖਿਆ ਨਾਵਲ ਵਿਚ ਮਨਦੀਪ ਤੇ ਲੱਗੇ ਦੋਸ਼ ਦੇ ਚਿੰਤਨ ਵਿਚ ਵੀ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਡਾ. ਜੋਗਿੰਦਰ ਰਾਹੀਂ ਅਨੁਸਾਰ ਟਿਵਾਣਾ ਨੇ ਆਪਣੀ ਮਨ ਇੱਛਿਤ ਗਲਪ ਨੀਤੀ ਅਨੁਸਾਰ ਮੌਤ ਦਾ ਰਾਹ ਚੁਣਨਾ ਦਿਖਾਇਆ ਹੈ। ਉਸਦੇ ਸ਼ਬਦਾਂ ਵਿਚ ਟਿਵਾਣਾ ਦਾ ਦੁਖਾਂਤ ਦਾ ਸੰਕਲਪ ਅਨੁਭਵ ਨਹੀਂ ਸੰਕਟ ਦੀ ਨੀਤੀ ਬਣ ਜਾਂਦਾ ਹੈ। ਇਸ ਸੰਕਟ ਵਿੱਚੋਂ ਉਪਜੀ ਉਸਦੀ ਤਰਸ

ਯਾਚਕ ਬਿਰਤੀ ਉਸਦੀਆਂ ਨਾਇਕਾਵਾਂ ਨੂੰ ਅਵਸਰਾਂ ਦੇ ਬਾਵਜੂਦ ਭਾਵ-ਪੂਰਤੀ ਦੀ ਸਿਖਰ ਉਤੇ ਨਹੀਂ ਪੁੱਜਣ ਦਿੰਦੀ।

ਬਾਵਾ ਬਲਵੰਤ ਨੇ ਲਿਖਿਆ ਹੈ;

ਅਜਲਾ ਤੋਂ ਆਦਮੀ ਜਾਲਮ ਰਿਹਾ।
ਲੈ ਕੇ ਖੁਸੀਆਂ ਸੁਹਲ ਦੇਂਦਾ ਰਾਮ ਰਿਹਾ॥
ਨਜ਼ਰ ਵਿਚ ਔਰਤ ਸਦਾ ਮਰਦ ਦੀ ਦਾਸੀ ਰਹੀ।
ਏਸ ਲਈ ਔਰਤ ਦੀ ਰੂ ਪਿਆਸੀ ਰਹੀ॥

ਭਾਰਤ ਮਹਾਂਕਾਵਿ ਮਹਾਂਭਾਰਤ ਵਿਚ ਦਰੋਪਤੀ ਨੂੰ ਇੱਕ ਵਸਤੂ ਵਾਂਗ ਜੂਏ ਵਿਚ ਦਾਅ ਉਪਰ ਲਾਇਆ ਗਿਆ। ਉਸਦਾ ਚੀਰ ਹਰਣ ਕੀਤਾ ਗਿਆ। ਰਮਾਇਣ ਵਿਚਲੀ ਸੀਤਾ ਰਾਮ ਦੀ ਔਖੀ ਘੜੀ ਵਿਚ ਬਾਰਾਂ ਸਾਲ ਉਹਦੇ ਨਾਲ ਰਹੀ, ਅਖੀਰ ਉਸਨੂੰ ਅਗਨੀ ਪ੍ਰੀਖਿਆ ਲਈ ਮਜ਼ਬੂਰ ਕੀਤਾ ਗਿਆ। ਇਸ ਸਭਿਆਚਾਰ ਵਿਚ ਔਰਤ ਵਸਤੂ ਵਾਂਗ ਵੇਚੀ ਵੱਟੀ ਗਈ। ਵਸਤੂ ਰੂਪ ਹੋਣ ਕਾਰਨ ਹੀ ਇਹ ਸੰਭਵ ਹੋਇਆ। ਮੁਰਦਾ ਪਤੀ ਨਾਲ ਜਿਉਂਦੀ ਔਰਤ ਨੂੰ ਸਤੀ ਹੋਣਾ ਪਿਆ। ਇਹ ਸਭ ਕੁੱਝ ਅਵਅਰਥ ਹੈ। "ਏਹੁ ਹਮਾਰਾ ਜੀਵਣਾ" ਨਾਵਲ ਦਾ ਇਹ ਸਿਰਲੇਖ ਭਾਰਤੀ ਅਧਿਆਤਮਕ ਦਰਸ਼ਨ ਨਾਲ ਸੰਬੰਧਿਤ ਇਕ ਸਾਹਿਤਕ ਲਹਿਰ ਦੇ ਕਵੀ ਸੂਫੀ ਸੰਤ ਸ਼ੇਖ ਫਰੀਦ ਦੇ ਇਕ ਸ਼ਲੋਕ ਦੀ ਤੁਕ ਤੋਂ ਲਿਆ ਗਿਆ ਹੈ।

ਫਰੀਦਾ ਚਿੰਤ ਖਟੋਲਾ, ਵਾਣ ਦੁਖੁ ਬਿਰਹ ਵਿਛਾਵਣੁ ਲੇਫ
ਏਹੁ ਹਮਾਰਾ ਜੀਵਣਾ, ਤੂੰ ਸਾਹਿਬ ਸਚੇ ਵੇਖੁ॥

ਇਹ ਸ਼ਲੋਕ ਮਨੁੱਖ ਦੀ ਉਸ ਕੋਸ਼ਿਸ਼ ਨਾਲ, ਜਿਸ ਦੌਰਾਨ ਉਹ ਸਾਰੀ ਉਮਰ ਅਨੇਕਾਂ ਦੁੱਖ ਝਲਦਾ ਹੈ ਤਾਂ ਕਿ ਉਹ ਆਪਣੇ ਇਸ਼ਟ ਨੂੰ ਪਾ ਲਵੇ। ਪਰੰਤੂ ਅਨੇਕਾਂ ਦੁੱਖ ਝਲਣ ਤੋਂ ਬਾਅਦ ਵੀ ਉਸ ਦੀ ਇੱਛਾ ਪੂਰੀ ਨਹੀਂ ਹੁੰਦੀ ਬੱਸ ਇਹੀ ਕਿਸੇ ਭਗਤ ਦੀ ਹੋਣੀ ਹੈ। ਜੋ ਕਿ ਤਰਸਯੋਗ ਹੈ, ਸਰਵ ਸ਼ਕਤੀਵਾਨ ਪਰਮੇਸ਼ਰ ਭਗਤ ਨੂੰ ਸਵੀਕਾਰ ਹੀ ਨਹੀਂ ਕਰ ਰਿਹਾਂ ਉਹਦੇ ਦੁੱਖਾਂ ਨੂੰ ਨਹੀਂ ਮਹਿਸੂਸ ਕਰ ਰਿਹਾਂ। ਇਸੇ ਰੂਹਾਨੀ ਸਤ੍ਹਾ ਦੀ ਤਰਜ ਉਤੇ ਲੇਖਿਕਾ ਜਗੀਰਦਾਰੀ ਸਤ੍ਹਾ ਵਿਚ ਭਗਤ ਨੂੰ ਸਵੀਕਾਰ ਹੀ ਨਹੀਂ ਕਰ ਰਿਹਾ ਉਹਦੇ ਦੁੱਖਾਂ ਨੂੰ ਨਹੀਂ ਮਹਿਸੂਸ ਕਰ ਰਿਹਾ। ਇਸੇ ਰੂਹਾਨੀ ਸਤ੍ਹਾ ਦੀ ਤਰਜ ਉੱਤੇ ਲੇਖਿਕਾ ਜੀਗਰਦਾਰੀ ਸਤ੍ਹਾ ਵਿਚ ਭਗਤ ਔਰਤ ਭਾਨੋ ਦਾ ਵਿਆਖਿਆਨ ਪੇਸ਼ ਕਰਦੀ ਹੈ।

ਇਕ ਸ਼ਕਤੀਸ਼ਾਲੀ ਮਰਦ-ਪ੍ਰਧਾਨ ਵਿਚ ਔਰਤ ਦੀ ਸਥਿਤੀ ਦਾ ਵਰਨਣ ਹੈ ਨਾਵਲ। ਜਗੀਰਦਾਰੀ ਸਮਾਜ 'ਏਹੁ ਹਮਾਰਾ ਜੀਵਣਾ' ਪ੍ਰਬੰਧ ਦੇ ਮੁੱਲਾਂ ਅਨੁਸਾਰ ਇਸਤਰੀ ਦੇ ਹਿੱਸੇ ਦੋ ਪ੍ਰਮੁੱਖ ਕਾਰਜ ਆਉਂਦੇ ਹਨ ਜਿਹੜੇ ਕਿ ਉਸ ਸਭਿਆਚਾਰ ਦੇ ਵੱਡੇ ਮੁੱਲਾਂ ਨਾਲ ਸੰਬੰਧਿਤ ਹਨ ਪਹਿਲੀ ਉਹ ਪਤੀਬ੍ਰਤ ਧਰਮ ਵਿਚ ਪਰਪੱਕ ਹੋਣੇ ਦੂਸਰੇ ਉਹ ਨਰ ਵਾਰਿਸ ਪੈਦਾ ਕਰੇ। ਜਗੀਰਦਾਰੀ ਪਰਿਵਾਰ ਵਿਚ ਪੈਦਾ ਹੋਣ ਕਾਰਨ ਲੇਖਿਕਾ ਨੂੰ ਇਸ ਸਮਾਜ ਪ੍ਰਬੰਧ ਦੇ ਔਰਤ ਵਿਰੋਧੀ ਖਾਸੇ ਦਾ ਬੋਧ ਹੈ। ਉਸਨੂੰ ਅਹਿਸਾਸ ਹੈ ਕਿ ਕਿਵੇਂ ਇਸ ਪ੍ਰਬੰਧ ਦੇ ਸਭਿਆਚਾਰਕ ਮੁੱਲ ਔਰਤ ਦੀ ਸੁਤੰਤਰਤਾ, ਸਵੈ-ਇੱਛਾ ਅਤੇ ਸੰਵੇਦਨਾ ਦਾ ਘਾਣ ਕਰਦੇ ਹਨ। ਔਰਤ ਇਸ ਸਮਾਜ ਪ੍ਰਬੰਧ ਵਿਚ ਗੁਲਾਮੀ ਅਤੇ ਬੇਵੱਸੀ ਭਰੀ ਜ਼ਿੰਦਗੀ ਬਤੀਤ ਕਰਦੀ ਹੈ। ਉਹ ਇਹਨਾਂ ਮੁੱਲਾਂ ਦੀ ਡੂੰਘਾਈ ਤੱਕ ਜਾਣ ਦੀ ਕੋਸ਼ਿਸ਼ ਕਰਦੀ ਹੈ। ਇਹਨਾਂ ਕਾਰਨ ਪੈਦਾ ਹੋਏ ਸੰਕਟਾਂ ਨੂੰ ਆਪਣੀ ਕਿਰਤ ਵਿਚ ਪੇਸ਼ ਕਰਦੀ ਹੈ। ਉਹ ਇੱਕ ਔਰਤ ਦੀ ਨਜ਼ਰ ਨਾਲ ਦੂਸਰੀ ਔਰਤ ਦੀ ਜ਼ਿੰਦਗੀ ਨੂੰ ਵੇਖ ਰਹੀ ਹੈ, ਉਸ ਉਤੇ ਮਰਦਾਂ ਦੇ ਅਸਭਿਅਕ, ਗੈਰ ਮਾਨਵੀ, ਜਹਾਲਤਮਈ, ਬੇਰਹਿਮ, ਵਿਤਕਰਾਭਰਭੂਰ ਵਿਹਾਰਾਂ ਨੂੰ ਵੇਖਿਆ ਹੈ। ਉਹ ਮਰਦਾਂ ਨੂੰ ਫਾਡੀ ਰੱਖ ਕੇ ਔਰਤ ਨੂੰ ਨਾਇਕਾਂ ਦੇ ਰੂਪ ਵਿਚ ਪੇਸ਼ ਕਰਦੀ ਹੈ।

ਔਰਤ ਅਤੇ ਮਰਦ ਦੇ ਰਿਸ਼ਤਿਆਂ ਵਿਚਲਾ ਤਣਾਓ ਵਿਅਕਤੀਗਤ ਨਹੀਂ ਹੈ ਇਹ ਮਰਦ-ਪ੍ਰਧਾਨ ਸਮਾਜ ਪ੍ਰਬੰਧ ਦੀ ਪਰੰਪਰਾ ਦੀ ਦੇਣ ਹੈ।ਇਸ ਨਾਵਲ ਵਿਚ ਇਕ ਬਜ਼ੁਰਗ ਅਨੁਭਵੀ ਔਰਤ ਸੰਤੀ ਕਿਸੇ ਜਗਾਹ ਕਹਿੰਦੀ ਹੈ, "ਭਾਈ ਕਹਿੰਦੇ ਨੇ ਜਨਾਨੀ ਦੀ ਤਾਂ ਜੂਨ ਹੀ ਬੁਰੀ ਐ, ਖ਼ਬਰਨੀ ਸਾਧ-ਸਰਾਪ ਲੈ ਕੇ ਜੰਮਦੀ ਹੈ। ਬਈ ਜਿਹੜੀ ਥਾਂ ਨਹੀਂ ਪੁੱਛੀ ਉਹੋ ਭਲੀ ਐ। ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਆਪਣੀ ਅਣਹੋਣੀ ਨੂੰ ਆਪਣੇ ਲੇਖ ਸਮਝਦੀ ਹੈ, ਉਸਨੂੰ ਸਾਧ-ਸਰਾਪ ਅਤੇ ਭਗਤੀ ਵਿਚ ਵਿਸ਼ਵਾਸ ਹੈ। ਇਸੇ ਹੀ ਨਾਵਲ ਦਾ ਇੱਕ ਦ੍ਰਿਸ਼ ਹੈ, "ਭਾਈ ਜੀ ਨੇ ਪਤਾਸੇ ਬੁਕ ਵਿਚ ਪਾ ਕੇ ਉਸਦੀ ਬਾਂਹ ਫੜ ਲਈ। 'ਗੁਰੂ ਦਛਣਾਂ ਨੀ ਦੇਣੀ? ਭਾਈ ਜੀ ਨੇ ਦਾੜ੍ਹੀ ਮੁੱਛਾ ਵਿਚ ਮੁਸਕ੍ਰਾਉਂਦਿਆਂ ਕਿਹਾ ਭਾਨੇ ਹੱਕੀ ਬੱਕੀ ਰਹਿ ਗਈ ਹੱਥ ਪਿੱਛੇ ਕਰਦੀ ਤਾਂ ਪਰਸ਼ਾਦ ਡੁਲਦਾਸੀ। 'ਏਹੁ ਹਮਾਰਾ ਜੀਵਣਾ' ਦੇ ਵਿਆਖਿਆਨ ਦਾ ਰਵਾਨਗੀ ਬਿੰਦੂ ਮੁੱਲ ਦਾ ਵਿਆਹ

ਹੈ। ਜਗੀਰਦਾਰੀ ਪ੍ਰਬੰਧ ਦੇ ਵਿਆਹ ਮੁੱਲਾਂ ਵਿਚ ਮੁੱਲ ਦਾ ਵਿਆਹ ਘਟੀਆ ਸਮਝਿਆ ਜਾਂਦਾ ਹੈ, ਇਸ ਨਾਲ ਘਰਾਣਿਆਂ ਅਤੇ ਬੇਘਰਾਣਿਆਂ ਨੂੰ ਭਿੰਨ ਕੀਤਾ ਜਾਂਦਾ ਹੈ ਉਹਨਾਂ ਵਿਚ ਨਿਖੇੜਾ ਖੜ੍ਹਾ ਕੀਤਾ ਜਾਦਾ ਹੈ। ਟੀ.ਆਰ. ਵਿਨੋਦ ਕੁਮਾਰ ਅਨੁਸਾਰ ਭਾਵੇਂ ਕਿਰਸਾਨੀ ਸਮਾਜ ਵਿਚ ਉਧਾਲ ਕੇ ਆਈਆਂ ਵੀ ਕਬੂਲ ਕਰ ਲਈਆਂ ਜਾਂਦੀਆਂ ਹਨ। ਪਰ ਉਹਨਾਂ ਨੂੰ ਸਮਾਜਿਕ ਸੰਬੰਧਾਂ ਵਿਚ ਬਰਾਬਰ ਦਾ ਦਰਜਾ ਨਹੀਂ ਦਿੱਤਾ ਜਾਂਦਾ। ਕਿਉਂਕਿ ਅਜਿਹਾ ਕਰਨ ਨਾਲ ਪਿਉ ਦੇ ਸਹੇੜ ਦੇ ਮਗਰ ਡੋਲੇ ਚੜਕੇ ਆਉਣ ਦੇ ਜਗੀਰਦਾਰੀ ਮੁੱਲ ਨੂੰ ਧੱਕਾ ਲਗਦਾ ਹੈ। ਸੋਇਕ ਸਚਿਆਰੀ ਸੁਆਣੀ ਹੋਣ ਦੇ ਬਾਵਜੂਦ ਉਹ ਪੈਂਡੂ ਭਾਈਚਾਰੇ ਵਿਚ ਬਰਾਬਰ ਸ਼ਰੀਕ ਹੋਣ ਦਾ ਮਾਣ ਪ੍ਰਾਪਤ ਨਹੀਂ ਕਰ ਸਕਦੀ। ਭਾਨੋ ਦਾ ਗਰੀਬ ਬਾਪ, ਬਿਮਾਰ ਪੁੱਤਰ ਨੂੰ ਵਚਾਉਣ ਖਾਤਰ ਲਾਚਾਰੀ ਵਿਚ ਉਸਦਾ ਮੁੱਲ ਦਾ ਵਿਆਹ ਕਰ ਦਿੰਦਾ ਹੈ। ਮੁੱਲ ਦਾ ਵਿਆਹ ਕਰਵਾ ਕੇ ਜਦੋਂ ਉਹ ਸਹੁਰੇਘਰ ਜਾਂਦੀ ਹੈ ਤਾਂ ਉਸਦੇ ਪਤੀ ਸਰਵਣ ਦੇ ਸਾਰੇ ਭਾਈ ਕੁਆਰੇ ਹਨ ਤਾਂ ਉਹ ਸਾਰੇ ਉਸਨੂੰ ਸਾਂਝੀ ਮੁੱਲ ਦੀ ਵਸਤੂ ਸਮਝਦੇ ਹਨ। ਔਰਤ ਦਾ ਇਸ ਪ੍ਰਬੰਧ ਵਿਚ ਸਥਾਨ ਹੀ ਅਜਿਹਾ ਸਮੂਹਿਕ ਮਾਨਸਿਕਤਾ ਵੀ ਇਹ ਕੰਮ ਕਰਦੀ ਹੈ ਕਿ ਉਹ ਸਾਰਿਆਂ ਨਾਲ ਬਣਾ ਕੇ ਰੱਖੇ, ਭਾਈਆ ਦੀ ਵੀ ਮੰਗ ਇਹੋ ਹੈ ਪਰੰਤੂ ਭਾਨੋ ਪੁੰਨ ਦੇ ਵਿਆਹ ਵਰਗੀ ਮਰਿਆਦਾ ਪ੍ਰਾਪਤ ਕਰਨਾਚਾਹੁੰਦੀ ਹੈ। ਸਵੈ-ਚੇਤਨਾ ਤੋਂ ਉਪਜੀ ਸਵੈ-ਇੱਛਾ ਕਾਰਨ ਉਹ ਆਪਣੇ ਆਦਰਸ਼ਾਂ ਤੇ ਪਹਿਰਾ ਦਿੰਦੀ ਹੈ। ਇਸੇ ਟਕਰਾਓ ਵਿਚ ਉਹ ਦੂਸਰੇ ਭਾਈਆਂ ਤੋਂ ਅੱਡ ਹੋ ਜਾਂਦੇ ਹਨ, ਟਕਰਾਓ ਹਿੰਸਕ ਹੋ ਜਾਂਦਾ ਹੈ। ਇਕ ਦਿਨ ਪਾਣੀ ਦੀ ਬਾਰੀ ਨੂੰ ਲੈ ਕੇ ਝਗੜੇ ਵਿਚ ਸਰਵਨ ਦਾ ਕਤਲ ਹੋ ਜਾਂਦਾ ਹੈ। ਭਾਨੋ ਸਰਵਨ ਦਾ ਕੋਈ ਨਰ ਵਾਰਿਸ ਪੈਦਾ ਨਾ ਕਰ ਸਕੀ, ਨਾ ਹੀ ਆਦਰਸ਼ਾਂ ਅਨੁਸਾਰ ਕਿਸੇ ਹੋਰ ਭਰਾ ਦੇ ਵਸ ਸਕੀ, ਅਖੀਰ ਬੁੱਢੇ ਬਾਪ ਕੋਲ ਰੰਡੇਪਾ ਕਟਣ ਲਈ ਪੇਕੇ ਪਿੰਡ ਪਰਤ ਆਉਂਦੀ ਹੈ। ਬਾਪੂ ਘਰ ਬੈਠੀ ਧੀ ਨੂੰ ਬੋਝ ਸਮਝਦਾ ਹੈ। ਸਰਵਨ ਦੇ ਭਾਈ ਭਾਨੋ ਨੂੰ ਆਪਣੇ ਕੋਲ ਲੈ ਜਾਣ ਦੀਆਂ ਧਮਕੀਆਂ ਦਿੰਦੇ ਹਨ, ਬੁੱਢਾ ਬਾਪ ਲਾਚਾਰ ਹੈ, ਉਹ ਉਸਦਾ ਕਿਤੇ ਹੋਰ ਮੁੱਲ ਦਾ ਵਿਆਹ ਕਰਨ ਦਾ ਫੈਸਲਾ ਕਰ ਲੈਂਦਾ ਹੈ। ਜਿਹੜਾ ਕਿ ਭਾਨੋ ਨੂੰ ਬਿਲਕੁਲ ਮਨਜ਼ੂਰ ਨਹੀਂ ਹੈ। ਇਸਨੂੰ ਰੱਦ ਕਰਦਾ ਹੋਈ ਉਹ ਮਰ ਜਾਣਾ ਠੀਕ ਸਮਝਦੀ ਹੈ, ਅਖੀਰ ਗੰਗਾ ਤੇ ਜਾ ਕੇ ਡੁਬ ਕੇ ਮਰਨ ਦਾ ਫੈਸਲਾ ਕਰ ਲੈਂਦੀ ਹੈ। ਲੇਖਿਕਾ ਨੇ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ ਕਿ ਉਸਨੇ ਆਪਣੇ ਨਾਨਕੇ ਪਿੰਡ ਨਰੈਣੇ ਅਮਲੀ ਦੀ ਮੁੱਲ ਦੀ ਤੀਵੀਂ ਨੂੰ ਵੇਖਿਆ ਸੀ, ਜਿਹੜਾ ਕਿ ਉਸਨੂੰ ਹਰਿਦੁਆਰ ਤੋਂ ਮੁੱਲ ਲਿਆਂਦੀ ਸੀ। ਇਹੀ ਘਟਨਾ ਇਸ ਨਾਵਲ ਦੀ ਰਵਾਨਗੀ ਬਿੰਦੂ ਹੀ ਇਸਨੂੰ ਵੇਖ ਕੇ ਹੀ ਲੇਖਿਕਾ ਦੇ ਮਨ ਅੰਦਰ ਇਕ ਔਖ ਪੈਦਾ ਹੁੰਦੀ ਹੈ, ਉਸਦੇ ਹੱਲ ਲਈ ਉਹ

ਇਸ ਵਿਆਖਿਆਨ ਦੁਆਰਾ ਉਹ ਪਾਠਕਾਂ ਨਾਲ ਇਸ ਔਖ ਨੂੰ ਸਾਂਝਾ ਕਰਦੀ ਹੈ। ਇਸ ਦੇ ਆਲੇ-ਦੁਆਲੇ ਉਸਰੇ ਸੰਕਟਾਂ ਨੂੰ ਸੂਤਰਬੱਧ ਕਰਕੇ ਇਕ ਸਾਹਿਤਕ ਪਾਠ ਸਿਰਜਦੀ ਹੈ। ਨਰੈਣਾ ਅਮਲੀ, ਔਰਤ ਅਤੇ ਗੰਗਾ ਤੋਂ ਗੰਗਾ ਇਸ਼ਨਾਨ ਤੇ ਜਾ ਕੇ ਆਤਮ ਹੱਤਿਆ ਕਰਨ ਅਤੇ ਫਿਰ ਨਰੈਣ ਵੱਲੋਂ ਬਚਾ ਲੈਣ ਦੀ ਕਥਾ ਬਣਦੀ ਹੈ। ਇਹ ਕਥਾ ਜਗੀਰਦਾਰੀ ਪ੍ਰਬੰਧ ਵਿਚ ਮੌਜੂਦ ਆਂਤਰਿਦ ਸੰਬੰਧਾਂ ਅਤੇ ਵਿਰੋਧਾਂ ਦੁਆਲੇ ਉਸਰੇ ਸੰਕਟਾਂ ਨੂੰ ਸਮੇਟਦੀ ਹੋਈ ਪੂਰੇ ਵਿਆਖਿਆਨ ਦਾ ਰੂਪ ਧਾਰਨ ਕਰ ਲੈਂਦੀ ਹੈ। ਵਿਆਖਿਆਨ ਵਿਚ ਘਰਾਣੇ ਦੀਆਂ ਔਰਤਾਂ ਵੱਲੋਂ ਭਾਨੋ ਨੂੰ ਨਕਾਰਿਆ ਜਾਂਦਾ ਹੈ। ਉਸ ਉਤੇ ਮੁੱਲ ਦੀ ਔਰਤ, ਬਦਕਾਰ ਔਰਤ ਦੇ ਲਾਂਛਣ ਲਾਏ ਜਾਂਦੇ ਹਨ। ਪਿੰਡ ਦੇ ਮਰਦ ਵੀ ਉਸਨੂੰ ਇਸੇ ਦ੍ਰਿਸ਼ਟੀ ਤੋਂ ਵੇਖਦੇ ਹਨ ਕੋਈ ਅੱਖ ਮਾਰਦਾ ਹੈ, ਕੋਈ ਬਾਂਹ ਫੜਦਾ ਹੈ, ਗੁਰੂਦੁਆਰੇ ਦੇ ਭਾਈ ਜੀ ਤੱਕ ਉਸਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਨਰੈਣਾ ਅਮਲੀ ਹੀ ਨਹੀਂ ਨਾਮਰਦ ਵੀ ਹੈ। ਸਮੂਹਿਕ ਮਾਨਸਿਕਤਾ ਅਨੁਸਾਰ ਅਜਿਹੇ ਮਨੁੱਖ ਆਪਣੀ ਔਰਤ ਤੇ ਅਧਿਕਾਰ ਨਹੀਂ ਰੱਖ ਸਕਦਾ। ਬੇਸ਼ੱਕ ਭਾਨੋ ਉਸਦਾ ਸਭ ਕੁੱਝ ਸਵੀਕਾਰ ਕਰਦੀ ਹੈ ਪਰ ਇਸ ਸਮਾਜ ਪ੍ਰਬੰਧ ਦੇ ਲੋਕਾਂ ਦੀ ਨਜ਼ਰ ਉਸਦੀ ਕਮਜ਼ੋਰੀ ਕੜੀ ਉਤੇ ਹੀ ਹੁੰਦੀ ਹੈ। ਇਸ ਪ੍ਰਬੰਧ ਦੀ ਸਮਝ ਅਨੁਸਾਰ ਭਾਨੋ ਬੱਚਾ ਪੈਦਾ ਕਰਕੇ ਹੀ ਇਸ ਘਰ ਵਿਚ ਆਪਣੀ ਜੜ੍ਹ ਲਾ ਸਕਦੀ ਹੈ। ਇਸ ਲਈ ਪਿੰਡ ਦਾ ਨੌਜੁਆਨ ਜਾਗਰ ਅਤੇ ਗੁਰੁਦੁਆਰੇ ਦਾ ਭਾਈ ਜੀ ਇਸ ਮਸਲੇ ਦਾ ਹੱਲ ਸੁਲਝਾਉਂਦੇ ਨਜ਼ਰ ਆਉਂਦੇ ਹਨ। ਆਪਣੀਆਂ ਜੀਵ-ਵਿਗਿਆਨਕ ਲੋੜਾਂ ਨੂੰ ਤਿਆਗਦੀ ਹੋਈ ਭਾਨੋ ਆਪਣੇ ਆਦਰਸ਼ਾਂ ਤੇ ਪੂਰੀ ਤਰ੍ਹਾਂ ਪਹਿਰਾਂ ਦਿੰਦੀ ਹੈ। ਉਹ ਆਪਣੀ ਸਿਰਜਨ ਸ਼ਕਤੀ, ਨਰੈਣ ਅਮਲੀ ਦੀ ਆਰਥਿਕ ਅਤੇ ਸਮਾਜਿਕ

ਸਥਿਤੀ ਨੂੰ ਬਦਲਣ ਵਿੱਚ ਲਾ ਦਿੰਦੀ ਹੈ, ਉਸਦੀ ਸਿਰਜਨਾ ਨਰੈਣ ਦੀ ਆਰਥਿਕ ਹਾਲਤ ਵਿਚ ਸੁਧਾਰ, ਉਸਦੇ ਘਰ ਦੀ ਨੁਹਾਰ ਬਦਲਣਾ, ਉਸਦੀ ਭੈਣ ਵੱਲੋਂ ਉਸਦੇ ਘਰ ਆ ਕੇ ਕੁੜੀ ਦਾ ਵਿਆਹ ਕਰਨਾ, ਭਾਨੋ ਵਲੋਂ ਵਿਆਹ ਦਾ ਕਾਰਜ ਪਰੰਪਰਾਇਕ ਜ਼ਿੰਮੇਵਾਰੀਆਂ ਨਾਲ ਨੇਪਰੇ ਚਾੜ੍ਹਨਾ ਨਰੈਣ ਦਾ ਸਮੂਹਿਕ ਮਾਨਸਿਕਤਾ ਵੱਲੋਂ ਘੋਰੀ ਅਤੇ ਨੱਖਿੱਧ ਵਿਅਕਤੀ ਨੂੰ ਸਮਾਜ ਪ੍ਰਬੰਧ ਦੇ ਪ੍ਰਭਾਵਸ਼ਾਲੀ ਅੰਗ ਵਜੋਂ ਵਿਕਸਿਤ ਕਰਨ ਵਿਚ ਸਮਝੀ ਜਾ ਸਕਦੀ ਹੈ। ਇਹ ਸਭ ਕੁੱਝ ਕਰਨ ਦੇ ਬਾਵਜੂਦ ਵੀ ਭਾਨੋ ਦੇ ਇਸ ਸਮਾਜ ਵਿਚ ਆਂਤਰਿਕ ਵਿਰੋਧ ਮੌਜੂਦ ਹਨ। ਨਰੈਣ ਦੀ ਭੈਣ ਕਰਤਾਰੀ ਨੂੰ ਆਪਣੇ ਭਰਾ ਦੀ ਔਲਾਦ ਦਾ ਫਿਕਰ ਹੈ। ਕਿਉਂਕਿ ਭਾਨੋ ਦੇ ਕਈ ਸਾਲ ਬੀਤਣ ਤੋਂ ਬਾਅਦ ਵੀ ਕੋਈ ਬੱਚਾ ਨਹੀਂ ਹੁੰਦਾ। ਉਸਦੇ ਪਤੀ ਦਾ ਭਾਈ ਹਰੀਆ ਨਰੈਣ ਅਤੇ ਕਰਤਾਰੀ ਦੀ ਕਮਜ਼ੋਰੀ ਦਾ ਲਾਭ ਉਠਾਉਂਦਿਆ, ਆਪਣਾ ਉੱਲੂ ਸਿੱਧਾ ਕਰਦਾ ਹੈ। ਜਾਗੀਰਦਾਰੀ ਸਮਾਜ ਪ੍ਰਬੰਧ ਵਿਚ ਪਰਿਵਾਰਿਕ ਸਾਜਿਸ਼ਾਂ ਦਾ ਜਿਕਰ ਲੇਖਿਕਾ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਵੀ ਕੀਤਾ ਹੈ। ਹਰੀਆ ਵੀ ਸੈਤਾਨ ਸਾਧਾਂ, ਵਿਗੜੇ ਹੋਏ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਵਾਂਗ ਹਾਲਾਤਾਂ ਨੂੰ ਵਰਤਦਾ ਹੈ। ਉਸਦੇ ਆਪਣੀ ਸਾਲੀ ਭਾਗਵੰਤੀ ਨਾਲ ਨਜ਼ਾਇਜ਼ ਸੰਬੰਧ ਹਨ। ਜਿਸਨੂੰ ਉਸਦੇ ਪਤੀ ਅਤੇ ਸਹੁਰਿਆਂ ਨੂੰ ਇਸ ਕਰਕੇ ਛੱਡ ਦਿੱਤਾ ਸੀ ਕਿ ਉਸਦੇ ਵਿਆਹ ਤੋਂ ਕੁੱਝ ਮਹੀਨੇ ਬਾਅਦ ਹੀ ਬੱਚਾ ਪੈਦਾ ਹੋ ਗਿਆ ਸੀ, ਜਿਸ ਕਾਰਨ ਉਹਨਾਂ ਨੂੰ ਨਜਾਇਜ਼ ਸੰਬੰਧ ਹੋਣ ਦਾ ਸ਼ੱਕ ਸੀ। ਹਰੀਏ ਨੂੰ ਆਪਣੀ ਚਾਲ ਹਰ ਪਾਸਿਓ ਠੀਕ ਨਜ਼ਰ ਆਉਂਦੀ ਸੀ। ਅਖੀਰ ਉਹ ਨਰੈਣ ਅਤੇ ਭਾਗਵੰਤੀ ਦੇ ਵਿਆਹ ਦੀ ਗੱਲ ਪੱਕੀ ਕਰ ਜਾਂਦਾ ਹੈ। ਪਿੰਡ ਦੀ ਔਰਤ ਸੰਤੀ ਭਾਨੋਂ ਨੂੰ ਇਹ ਗੱਲ ਦੱਸ ਦਿੰਦੀ ਹੈ। ਪ੍ਰੇਸ਼ਾਨ ਹੋਈ ਭਾਨੋ ਕੋਠੇ ਤੋਂ ਡਿੱਗ ਜਾਂਦੀ ਹੈ ਉਸਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਜਾਂਦਾ ਹੈ, ਜਿੱਥੇ ਡੇਢ ਮਹੀਨਾ ਉਸਦਾ ਇਲਾਜ ਚੱਲਦਾ ਹੈ। ਉਧਰ ਨਰੈਣ ਭਾਗਵੰਤੀ ਨੂੰ ਆਪਣੇ ਘਰ ਲੈ ਆਉਂਦਾ ਹੈ। ਜਦੋਂ ਭਾਨੋ ਹਸਪਤਾਲ ਤੋਂ ਘਰ ਆਉਂਦੀ ਹੈ। ਉਹ ਭਾਗਵੰਤੀ ਨੂੰ ਵੇਖ ਕੇ ਹੋਰ ਪ੍ਰੇਸ਼ਾਨ ਹੋ ਜਾਂਦੀ ਹੈ। ਭਾਗਵੰਤੀ ਘਰ ਅਤੇ ਨਰੈਣ ਉਤੇ ਕਬਜਾ ਕਰਨ ਵਿਚ ਸਫਲ ਹੋ ਜਾਂਦੀ ਹੈ। ਇਸ ਤਰ੍ਹਾਂ ਭਾਨੋ ਘਰ ਅਤੇ ਨਰੈਣ ਤੋਂ ਵੀ ਟੁੱਟ ਜਾਂਦੀ ਹੈ। ਮਾਨਸਿਕ ਹਿੰਸਾ ਦਾ ਸ਼ਿਕਾਰ ਹੋਈ, ਉਹ ਨੀਮ ਪਾਗਰ ਜਹੀ ਹੋ ਜਾਂਦੀ ਹੈ, ਅਤੇ ਲੋਕਾਂ ਦੇ ਦੁੱਖਾਂ ਵਿਚ ਸ਼ਰੀਕ ਹੋ ਕੇ ਆਪਣਾ ਦੁੱਖ ਸਾਂਝਾ ਕਰਦੀ ਹੈ। ਭਾਗਵੰਤੀ ਨਮਰ ਨਰੈਣ ਲਈ ਮੁੰਡਾ ਜੰਮਣ ਵਿਚ ਸਫਲ ਹੋ ਜਾਂਦੀ ਹੈ। ਨਰ ਵਾਰਿਸ ਦੀ ਮਾਂ ਹੋਣ ਕਾਰਨ ਹੁਣ ਉਹ ਘਰ ਦੀ ਪੂਰੀ ਮਾਲਕਣ ਬਣ ਜਾਂਦੀ ਹੈ।ਜੇਤੂ ਸੋਕਣ ਦੀ ਹੈਸੀਅਤ ਵਿਚ ਉਹ ਭਾਨੋ ਨੂੰ ਘਰੋਂ ਬਾਹਰ ਕੱਢਣਾ ਚਾਹੁੰਦੀ ਹੈ। ਉਹ ਉਸ ਉਤੇ ਪਾਗਲ ਹੋਣ ਅਤੇ ਬਦਸ਼ਗਨ ਹੋਣ ਦਾ ਦੋਸ਼ ਲਾਉਂਦੀ ਹੈ। ਭਾਗਵੰਤੀ ਨਰੈਣ ਨਾਲ ਝਗੜਨਾ ਸ਼ੁਰੂ ਕਰ ਦਿੰਦੀ ਹੈ। ਅਖੀਰ ਉਹ ਐਲਾਨ ਕਰਦੀ ਹੈ ਕਿ ਨਰੈਣ ਦੇ ਘਰ ਵਿਚ ਜਾਂ ਉਹ ਰਹੇਗੀ ਜਾਂ ਭਾਨੋ। ਕਿਉਂਕਿ ਉਸਨੂੰ ਨਰੈਣ ਦੀ ਕਮਜ਼ੋਰੀ ਦਾ ਪਤਾ ਹੈ ਕਿ ਉਹ ਆਪਣੇ ਨਰ ਵਾਰਿਸ, ਬੇਸ਼ੱਕ ਉਸਦਾ ਆਪਣਾ ਬੱਚਾ ਨਹੀਂ ਹੈ, ਨੂੰ ਛੱਡ ਨਹੀਂ ਸਕਦਾ। ਬੱਚੇ ਦੀ ਲਾਲਸਾ ਅਤੇ ਭਾਗਵੰਤੀ ਤੋਂ ਤੰਗ ਆ ਕੇ ਉਹ ਭਾਨੋ ਨੂੰ ਕਿਸੇ ਹੋਰ ਲੋੜਵੰਦ ਕੋਲ ਭੇਜਣ ਦੀ ਤਰਕੀਬ ਬਣਾ ਲੈਂਦਾ ਹੈ। ਉਹ ਚੌਂਦੇ ਵਾਲੇ ਫੱਤੇ ਨਾਲ ਗੰਡਤੁਪ ਕਰ ਲੈਂਦਾ ਹੈ, ਜਿਸ ਨਾਲ ਪਹਿਲਾਂ ਉਹਦਾ ਪਸ਼ੂਆਂ ਦਾ ਲੈਣ ਦੇਣ ਸੀ। ਜਦੋਂ ਉਹ ਇਕ ਗੱਲ ਉਹ ਭਾਨੋ ਨੂੰ ਦੱਸਦਾ ਹੈ ਤਾਂ ਉਹ ਉਸਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦੀ, ਮਾਨਸਿਕ ਤੌਰ ਤੇ ਉਹ ਨਰੈਣ ਨੂੰ ਨਿਕਾਰਦੀ ਹੈ ਬੇਸ਼ੱਕ ਸਮਾਜ ਪ੍ਰਬੰਧ ਨਰੈਣੇ ਦਾ ਕੋਈ ਸਤਿਕਾਰ ਵਾਲਾ ਸਥਾਨ ਨਹੀਂ ਸੀ ਪਰ ਭਾਨੋ ਨੇ ਹਰ ਸਥਿਤੀ ਵਿਚ ਮਾਣ ਸਨਮਾਨ ਰੱਖਿਆ ਸਮਾਜ ਵਿਚ ਉਸਦਾ ਰੁਤਬਾ ਅਤੇ ਉਸਦੇ ਸਮਾਜਿਕ ਸੰਬੰਧਾਂ ਨੂੰ ਨਿਖਾਰਣ ਲਈ, ਇੱਕ ਜ਼ਿੰਮੇਵਾਰ ਪਤਨੀ ਅਤੇ ਸਾਥੀ ਦੀ ਹੈਸੀਅਤ ਵਿਚ ਸੰਘਰਸ਼ ਕੀਤਾ। ਗੰਗਾ ਵਿਚ ਛਾਲ ਮਾਰਨ ਤੋਂ ਬਾਅਦ ਨਵੀਂ ਜ਼ਿੰਦਗੀ ਵਿਚ ਉਸਦਾ ਰਿਸ਼ਤਾ ਨਰੈਣ ਨਾਲ ਸੀ। ਇਸ ਪ੍ਰਬੰਧ ਤੋਂ ਤਾਂ ਉਸਨੇ ਪਹਿਲਾਂ ਹੀ ਨਿਰਾਸ਼ ਹੋ ਕੇ ਆਤਮ ਹੱਤਿਆ ਕਰਨ ਦਾ ਫੈਸਲਾ ਕੀਤਾ ਸੀ। ਮਾਨਵੀ ਰਿਸ਼ਤਿਆਂ ਦੇ ਤੌਰ ਤੇ ਨਰੈਣ ਨਾਲ ਰਹਿਣ ਦਾ ਮਨ ਬਣਾ ਲਿਆ ਸੀ। ਨਰੈਣ ਦੇ ਇਸ ਫੈਸਲੇ ਤੋਂ ਭਾਨੋ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਨਰੈਣ ਉਸ ਨਾਲ ਨਹੀਂ ਸਮਾਜ ਪ੍ਰਬੰਧ ਨਾਲ ਹੈ। ਹੁਣ ਉਹ ਇਕੱਲੀ ਸੀ, ਦੂਸਰੇ ਪਾਸੇ ਜਾਲਮ ਅਤੇ ਤਾਕਤਵਰ ਸਮਾਜ ਪ੍ਰਬੰਧ ਸੀ। ਉਸ ਲਈ ਦੋ ਰਾਹ ਸਨ ਪਹਿਲਾ ਸਮਾਜ ਪ੍ਰਬੰਧ ਨਾਲ ਸਮਝੌਤਾ ਕਰੇ ਜਾਂ ਦੂਸਰਾ ਇਸ ਸਮਾਜ ਪ੍ਰਬੰਧ ਤੋਂ ਆਕੀ ਹੋ ਜਾਵੇ। ਭਾਨੋ ਸਮਝੌਤੇ ਕਰਨ ਵਾਲੀ

ਨਹੀਂ ਸੀ, ਜੇ ਅਜਿਹੀ ਹੁੰਦੀ ਤਾਂ ਸਰਵਣ ਦੇ ਭਾਈਆਂ ਘਰ ਵਧੀਆ ਜ਼ਿੰਦਗੀ ਬਤੀਤ ਕਰ ਸਕਦੀ ਸੀ। ਬਾਪੂ ਵੱਲੋਂ ਦੂਜੀ ਥਾਂ ਤੇ ਤੋਰਨ ਵਾਲੀ ਗੱਲ ਨਾਲ ਵੀ ਸਹਿਮਤ ਹੋ ਸਕਦੀ ਸੀ। ਪਰ ਉਸਨੇ ਆਪਣੇ ਰਾਹ ਚੁਣੇ। ਉਹ ਸਭਿਆਚਾਰਕ ਸਮਾਜ ਪ੍ਰਬੰਧ ਤੋਂ ਆਕੀ ਹੀ ਗਈ। ਉਸ ਲਈ ਸੱਥ ਅਤੇ ਘੱਗਰੇ ਦੇ ਕੋਈ ਅਰਥ ਨਾ ਰਹੇ। ਉਹ ਸਮਾਜ ਪ੍ਰਬੰਧ ਦੀਆਂ ਝੂਠੀਆਂ ਮਰਿਆਦਾਵਾਂ ਨੂੰ ਤਹਿਸ ਨਹਿਸ਼ ਕਰ ਦਿੱਤਾ। ਭਾਨੋ ਹਾਰ ਕੇ ਵੀ ਜਿੱਤ ਗਈ ਅਤੇ ਅਮਰ ਹੋ ਗਈ।

**ਹਵਾਲੇ ਅਤੇ ਟਿਪਣੀਆਂ**


1. ਟਿਵਾਣਾ ਦਲੀਪ ਕੌਰ.(2018) ਸਾਹਿਤਕ ਸਵੈ-ਜੀਵਣੀ (ਰਚਨਾ ਮੇਰੀ ਇਬਾਦਤ ਹੈ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ114-15
1. ਟਿਵਾਣਾ, ਦਲੀਪ ਕੌਰ,(1977) ਕਹਾਣੀ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪਟਿਆਲਾ,
2. ਬਰਾੜ ਰਜਿੰਦਰ ਸਿੰਘ (ਡਾ.),(2018) ਸਭਿਆਚਾਰਕ ਅਧਿਐਨ ਵਿਧੀ; ਸਿਧਾਂਤ ਅਤੇ ਵਿਹਾਰ, ਸਮਦਰਸ਼ੀ ਪੰਨਾ 36
4. ਨਾਰੰਗ ਗੋਪੀ ਚੰਦ,(2002) ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ,ਸਾਹਿਤ ਅਕਾਦੇਮੀ . ਪੰਨਾ 27
3. Narang Harish,(1995). Semiotics of Language,Literature and Cinema,Books Plus, page vii
4. Archard, David,(1984) The Consciousness and the Unconsciousness, Hutchinson and Company Ltd, London, .
5. Barthes, Roland,(1977) The Pleasure of the Text, Will and Wang, New York,
6. __________, ,(1984)Writing Degree Zero, Jonathan Cape, London,
7. Kristeva, Julia, (1980).Desire in Language, Basil Blackwell, London, 1980.
8. Lepschy, Giulio C. (1972). A Survey of Structural Linguistics, Faber and Faber, London,
9. : Claude Lévi-Strauss (1968).The Savage Mind, University of Chicago Press, Chicago,